# ਜ਼ਿੰਦਗੀ ਨਾਮਾ

## ਭਾਈ ਨੰਦ ਲਾਲ ਗੋਯਾ

ਅਨੁਵਾਦਕ ਡਾ. ਗੁਰਦੇਵ ਸਿੰਘ ਪੰਦੋਹਲ



ਜ਼ਿੰਦਗੀ ਨਾਮਾ

---

ਰੱਬੀ ਉਸਤਤ

# ਲੇਖਕ ਦੀਆਂ ਹੋਰ ਪੁਸਤਕਾਂ

ਮੌਲਿਕ

ਕਵਿਤਾ:—

ਮਦਹੋਸ਼ੀ (ਗ਼ਜ਼ਲ, ਰੁਬਾਈ ਅਤੇ ਗੀਤ)
ਖ਼ਾਮੋਸ਼ੀ (ਗ਼ਜ਼ਲ, ਗੀਤ, ਕਵਿਤਾਵਾਂ)
ਸਰਗ਼ੋਸ਼ੀ (ਗ਼ਜ਼ਲਾਂ)
ਗੁਲਬਰਗ (ਗ਼ਜ਼ਲਾਂ)
ਪੱਲੇ ਦੀ ਹਵਾ (ਗ਼ਜ਼ਲ, ਗੀਤ ਅਤੇ ਕਵਿਤਾਵਾਂ)

ਕਹਾਣੀ ਸੰਗ੍ਰਹਿ:—

ਰੂਹਾਂ ਸਿਸਕਦੀਆਂ ਰਹਿ ਗਈਆਂ
ਗਜਰਾ

ਜੀਵਨੀਆਂ:—

ਧਨੀ ਰਾਮ ਚਾਤ੍ਰਿਕ (ਮੋਨੋਲੋਗ)
ਗੁਰੂ ਘਰ ਦੇ ਸ਼ਰਧਾਲੂ ਮੀਰ

ਸਫ਼ਰਨਾਮਾ:—

ਕਾਲੀ ਧਰਤੀ ਗੋਰੇ ਲੋਕ

ਅਨੁਵਾਦ:—

(ਫ਼ਾਰਸੀ ਕਵਿਤਾ ਦਾ ਪੰਜਾਬੀ ਕਵਿਤਾ ਵਿੱਚ)
ਜ਼ਫ਼ਰਨਾਮਾ
ਅਮਰਨਾਮਾ
ਜ਼ਿੰਦਗੀਨਾਮਾ
ਦੀਵਾਨਿ ਗੋਯਾ
ਰੁਬਾਯਾਤਿ ਉਮਰ ਖ਼ੱਯਾਮ (ਪ੍ਰੈਸ ਵਿੱਚ)

ਸੰਪਾਦਨ:—

ਯਾਰੜੇ ਦਾ ਸਾਨੂੰ ਸੱਥਰ ਚੰਗਾ, ਨੈਣ ਪੁਜਾਰੀ, ਮੇਰੀ ਕਹਾਣੀ ਆਪਣੀ ਜ਼ਬਾਨੀ, ਪੱਤੇ ਪਰਵਾਸੀ ਬਿਰਖ਼ਾਂ ਦੇ, ਅਮਰਪਾਰੋ, ਮਨੋਤ੍ਰੰਗਾਂ।

ਐਡੀਟਰ ਤੇ ਸਰਪ੍ਰਸਤ ਰਿਹਾ (ਮੈਗਜ਼ੀਨ)

ਨਾਖ਼ੁਦਾ (ਉਰਦੂ)
ਗੁਰਦੀਪਕ
ਕੌਮਾਂਤਰੀ ਪੰਜ ਦਰਿਆ
ਸਪਤ ਸਰੋਜ
34 ਰੀਸਰਚ ਪੇਪਰਜ਼

# ਜ਼ਿੰਦਗੀ ਨਾਮਾ

(ਮਸਨਵੀ)

ਕਿਰਤ ਭਾਈ ਨੰਦ ਲਾਲ ਗੋਯਾ

ਅਨੁਵਾਦਕ:
ਡਾ. ਗੁਰਦੇਵ ਸਿੰਘ ਪੰਦੋਹਲ

ਸੰਗਮ ਪਬਲੀਕੇਸ਼ਨਜ਼, ਸਮਾਣਾ

# Zindginama

**Persian Poetry of Bhai Sahib Bhai Nanad Lal 'Goya'**

**Translated by**

**Dr. Gurdev Singh Pandohal**

2008

**ISBN 978-81-906906-1-4**

ਪ੍ਰਕਾਸ਼ਕ : ਸੰਗਮ ਪਬਲੀਕੇਸ਼ਨਜ਼
502/9, ਸੇਖੋਂ ਕਲੋਨੀ, ਪਿੱਛੇ ਬੱਸ ਸਟੈਂਡ,
ਸਮਾਣਾ-147101, ਜ਼ਿਲ੍ਹਾ: ਪਟਿਆਲਾ
ਫੋਨ : 01764-223047 , 222347
ਟਾਈਪ : ਚਰਨਜੀਤ ਸਿੰਘ
ਪ੍ਰਿੰਟਰਜ਼ : ਬਰਾਈਟ ਪ੍ਰਿੰਟਰਜ਼, ਜਲੰਧਰ

ਮੁੱਲ : ~~150/-~~ ਰੁਪੈ
75/

## ਸਮਰਪਣ !

ਪ੍ਰੇਮ, ਭਗਤੀ, ਗੁਰ ਮਹਿਮਾਂ ਅਤੇ ਸਮੁੱਚੀ ਜੀਵਨ-ਜਾਂਚ
ਸਿੱਖਣ ਦੇ ਚਾਹਵਾਨ ਹਰ ਇੱਕ ਵਿਅਕਤੀ ਨੂੰ!

ਜ਼ਆਬੇ ਹੈਵਾਂ ਪੁਰ ਸ਼ੁਦਹ ਚੂੰ ਜਾਮਿ ਊ।
ਜ਼ਿੰਦਗੀ ਨਾਮਾ ਸ਼ੁਦਹ ਜ਼ਾਂ ਨਾਮਿ ਊ।

(ਸ੍ਰੀ ਗੁਰੂ ਗੋਬਿੰਦ ਸਿੰਘ)

ਅਨੁਵਾਦ:—

ਜਦ ਪਿਆਲਾ ਨਾਲ ਅੰਮ੍ਰਿਤ ਭਰ ਗਿਆ।
ਨਾਮ ਇਸਦਾ ਜ਼ਿੰਦਗੀ ਨਾਮਾ ਧਰ ਲਿਆ।

(ਪੰਦੋਹਲ)

# ਤਤਕਰਾ


| | |
|---|---|
| 1. ਕੁਰਸੀ ਨਾਮਾ | – |
| 2. ਅਨੁਵਾਦ ਵਿੱਚ ਮੌਲਿਕਤਾ ਬਿਖੇਰਦਾ-ਡਾ. ਗੁਰਦੇਵ ਸਿੰਘ ਪੰਦੋਹਲ (ਲਖਮੀਰ ਸਿੰਘ ਰੰਧਾਵਾ, ਸਾਬਕਾ ਵਿੱਦਿਆ ਅਤੇ ਭਾਸ਼ਾ ਮੰਤਰੀ, ਪੰਜਾਬ) | 11 |
| 3. ਭਾਈ ਸਾਹਿਬ ਭਾਈ ਨੰਦ ਲਾਲ ਗੋਯਾ ਅਤੇ ਉਸਦੀ ਅਮਰ ਰਚਨਾ 'ਜ਼ਿੰਦਗੀਨਾਮਾ' (ਡਾ. ਗੁਰਦੇਵ ਸਿੰਘ ਪੰਦੋਹਲ) | 13 |
| 4. ਸੰਖੇਪ ਜੀਵਨੀ | 26 |
| 5. ਭਾਈ ਸਾਹਿਬ ਦੀਆਂ ਰਚਨਾਵਾਂ | 28 |
| 6. ਜ਼ਿੰਦਗੀਨਾਮਾ | 31 |
| 7. ਪਾਠ (Text) | 33 |
| 8. ਪੁਸਤਕ ਸੂਚੀ | 119 |

# ਕੁਰਸੀ ਨਾਮਹ ਭਾਈ ਨੰਦ ਲਾਲ 'ਗੋਯਾ'




ਹਰੀ ਸਿੰਘ
ਕੁਲਬੀਰ ਸਿੰਘ
ਅਜੀਤ ਸਿੰਘ
ਹਰਮਿੰਦਰ ਸਿੰਘ
(ਬੇਟੀ)
ਅਮਰੀਕ ਸਿੰਘ
ਇੰਦਰ ਸਿੰਘ
ਜਸਪਾਲ ਸਿੰਘ
ਹਰਮਹਿੰਦਰ ਸਿੰਘ
ਤਰਵਿੰਦਰ ਪਾਲ ਸਿੰਘ
ਹਰਦਿਆਲ ਸਿੰਘ
ਜੈ ਦਿਆਲ ਸਿੰਘ
ਈਸ਼ਵਰ ਦਿਆਲ ਸਿੰਘ
ਮੋਹਨ ਦਿਆਲ ਸਿੰਘ
ਸੋਹਣ ਦਿਆਲ ਸਿੰਘ
ਕਿਰਪਾ ਦਿਆਲ ਸਿੰਘ
ਹਰਮੁਹਿੰਦਰਪਾਲ ਸਿੰਘ
ਜਗਦਿਆਲ ਸਿੰਘ
ਦੀਨ ਦਿਆਲ ਸਿੰਘ
ਗੁਰਦਿਆਲ ਸਿੰਘ
ਅਮਰ ਦਿਆਲ ਸਿੰਘ
ਰਾਮੇਸ਼ ਦਿਆਲ ਸਿੰਘ
ਰਾਜਿੰਦਰ ਦਿਆਲ ਸਿੰਘ
ਪ੍ਰਭ ਦਿਆਲ ਸਿੰਘ
ਹਰਮੋਹਨ ਦਿਆਲ ਸਿੰਘ
ਪਰਮ ਦਿਆਲ ਸਿੰਘ
ਮੌਤ 1962
ਮਦਨ ਮੋਹਨ ਸਿੰਘ
1916
ਜਗਤ ਮੋਹਨ ਸਿੰਘ
1921
ਨੌਨਿਹਾਲ ਸਿੰਘ
1926
ਹਰੀ ਕਿਰਪਾਲ ਸਿੰਘ
1885-1929
(ਲਾਵਲਦ)
ਪ੍ਰੀਤਪਾਲ ਸਿੰਘ
ਮਨਮੋਹਨ ਸਿੰਘ
ਸੁਰਿੰਦਰ ਮੋਹਨ ਸਿੰਘ
ਹਰਮੋਹਨ ਸਿੰਘ
ਇਕਬਾਲ ਸਿੰਘ

# ਅਨੁਵਾਦ ਵਿੱਚ ਮੌਲਿਕਤਾ ਬਿਖੇਰਦਾ
## ਡਾ. ਗੁਰਦੇਵ ਸਿੰਘ ਪੰਦੋਹਲ

ਫ਼ਾਰਸੀ ਅਦਬ ਦੇ ਇੱਕ ਪ੍ਰਸਿੱਧ ਸ਼ਾਇਰ ਨੇ ਕਿਹਾ ਸੀ:
ਮੁਸ਼ਕ ਆਂਸਤ ਕਿ ਅੰਬਰ ਬਬੋਯਦ
ਨਾ ਕਿ ਅੱਤਾਰ ਬਗੋਯਦ।

ਅਰਥਾਤ ਜੇ ਕੇਸਰ ਖਰੀਦਣ ਦੁਕਾਨ ਤੇ ਜਾਈਏ ਤਾਂ ਦੁਕਾਨ ਵਿੱਚ ਪਿਆ ਕੇਸਰ ਆਪਣੀ ਖੁਸ਼ਬੋਈ ਨਾਲ ਹੀ ਦੱਸ ਰਿਹਾ ਹੋਵੇ ਕਿ ਮੈਂ ਇਸ ਕੋਨੇ ਵਿੱਚ ਪਿਆ ਹਾਂ, ਨਾ ਕਿ ਦੁਕਾਨਦਾਰ ਦੱਸੇ ਕਿ ਕੇਸਰ ਦੁਕਾਨ ਦੀ ਉਸ ਗੁੱਠੇ ਪਿਆ ਹੈ। ਮੈਂ ਡਾ. ਗੁਰਦੇਵ ਸਿੰਘ ਪੰਦੋਹਲ ਦੀਆਂ ਸਾਰੀਆਂ ਰਚਨਾਵਾਂ ਦਾ ਬੜੇ ਗਹੁ ਨਾਲ ਅਧਿਐਨ ਕੀਤਾ ਹੈ, ਕਿਤੇ ਵੀ ਕੋਈ ਲਾਈਨ ਪੜ੍ਹ ਲਵੋ, ਜ਼ਿੰਦਗੀ ਦੇ ਕਿਸੇ ਨਾ ਕਿਸੇ ਵਿਸ਼ੇਸ਼ ਪਹਿਲੂ ਦੇ ਤੱਥ ਆਪ ਉਭਰ ਕੇ ਸਾਹਮਣੇ ਆ ਜਾਂਦੇ ਹਨ, ਲੱਭਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਡਾ. ਸਾਹਬ ਨੂੰ ਪਤਾ ਹੈ ਕਿ ਸਾਡੇ ਸੱਭਿਆਚਾਰ ਵਿਚ ਰਾਜਨੀਤਿਕ, ਧਾਰਮਿਕ, ਸਮਾਜਿਕ ਅਤੇ ਆਰਥਿਕ ਮਾਮਲੇ ਜੀਵਨ ਦੇ ਨਾਲ ਹੀ ਨਿਭੇਦ ਹਨ ਕਿਉਂਕਿ ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ। ਇਸ ਲਈ ਉਹਨਾਂ ਨੇ ਸਾਰੇ ਹੀ ਪੱਖਾਂ ਨੂੰ ਆਪਣੀ ਕਲਮ ਦੇ ਘੇਰੇ ਵਿੱਚ ਲਿਆ ਹੈ ਤੇ ਖ਼ੂਬਸੂਰਤ ਅਸ਼ਆਰ ਦੀਆਂ ਲੜੀਆਂ ਵਿੱਚ ਪਰੋ ਕੇ ਰੂਪਮਾਨ ਕੀਤਾ ਹੈ।

ਜੇ ਜ਼ਰਾ ਗਹੁ ਨਾਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਕਾਵਿ ਸਾਹਿਤ ਵਿੱਚ ਉਹਨਾਂ ਨੇ ਗ਼ਜ਼ਲ ਸਿਨਫ਼ ਨੂੰ ਜਿਸ ਬੁਲੰਦੀ ਤੇ ਪੁਚਾਇਆ ਹੈ ਉਹ ਕੇਵਲ ਉਹਨਾਂ ਦਾ ਹੀ ਹੈਰਾਨਕੁਨ ਮੋਅਜਜ਼ਾ ਹੈ। ਬਣਤਰ, ਬਹਿਰ ਤੇ ਮਜ਼ਮੂਨ ਪੱਖੋਂ ਸਾਰੇ ਗੁਣ ਉਹਨਾਂ ਦੀ ਸਮੁੱਚੀ ਰਚਨਾ ਵਿੱਚ ਮੌਜੂਦ ਹਨ। ਗ਼ਜ਼ਲਈ ਨਾਜ਼ੁਕਤਾ, ਰਾਗਆਤਮਕ ਲੈਅ ਤੇ ਬਹਿਰਾਂ ਵਿੱਚ ਰਵਾਨੀ ਇਹਨਾਂ ਦੀ ਸੁਖ਼ਨਗੋਈ ਦੇ ਵਿਸ਼ੇਸ਼ ਤੱਤ ਹਨ। ਕਿਤੇ ਵੀ ਕੋਈ ਸਤੂਨ ਢਿੱਲਾਂ ਜਾਂ ਸ਼ੇਅਰ ਵਿੱਚ ਸਕਤਾ ਨਜ਼ਰ ਨਹੀਂ ਆਉਂਦਾ। ਸੈਂਕੜੇ ਢੁਕਵੇਂ ਮੁਹਾਵਰੇ ਮੋਤੀਆਂ ਵਾਂਗ ਜੜੇ ਹਨ ਜਿਨ੍ਹਾਂ ਦੀ ਢੁਕਵੀਂ ਵਰਤੋਂ ਗ਼ਜ਼ਲ ਵਿੱਚ ਕੇਵਲ ਉਹਨਾਂ ਨੇ ਹੀ ਕੀਤੀ ਹੈ। ਸਾਰੀ ਕਾਵਿ ਰਚਨਾ ਧੁਰ ਅੰਦਰ ਦੇ ਹਾਵ ਭਾਵ ਲੈ ਕੇ ਆਪ ਮੁਹਾਰੀ ਫੁੱਟ ਨਿਕਲਦੀ ਹੈ। ਮਜ਼ਾ ਏਸ ਗੱਲ ਦਾ ਹੈ ਕਿ ਸਾਰੇ ਕਲਾਮ ਵਿੱਚ

ਮਜਾਜ਼ੀ ਲਿਬਾਸ ਦਾ ਸ਼ਾਂਵਲਾ ਪਾ ਕੇ ਹੁਸਨ ਹਕੀਕੀ ਦੇ ਪਹਿਰਾਵੇ ਨਾਲ ਮਲਬੂਸ ਕੀਤਾ ਹੈ।

ਗ਼ਜ਼ਲਾਂ ਦੀਆਂ 'ਮਦਹੋਸ਼ੀ', 'ਖ਼ਾਮੋਸ਼ੀ', 'ਸਰਗੋਸ਼ੀ', 'ਗੁਲਬਰਗ' ਅਤੇ 'ਪੱਲੇ ਦੀ ਹਵਾ' ਮੌਲਕ ਗ਼ਜ਼ਲ-ਪੁਸਤਕਾਂ ਉਪਰੰਤ ਜੋ ਪਹਿਲਾਂ 'ਜ਼ਫ਼ਰਨਾਮਾ', 'ਦੀਵਾਨਿ ਗੋਯਾ', 'ਅਮਰ ਨਾਮਾ' ਅਤੇ ਹੁਣ 'ਜ਼ਿੰਦਗੀ ਨਾਮਾ' ਵਰਗੇ ਮਹਾਨ ਫ਼ਾਰਸੀ ਗ੍ਰੰਥਾਂ ਦਾ ਫ਼ਾਰਸੀ ਕਵਿਤਾ ਤੋਂ ਪੰਜਾਬੀ ਕਵਿਤਾ, ਉਸੇ ਬਹਿਰ ਵਿੱਚ, ਅਨੁਵਾਦ ਕਰਕੇ ਕਮਾਲ ਕੀਤਾ ਹੈ, ਓਹ ਬੇਹੱਦ ਸਲਾਹੁਣ ਯੋਗ ਕਾਰੋ ਨੁਮਾਯਾ ਹੈ। ਅਨੁਵਾਦ ਏਨਾ ਸੁਚੱਜਾ ਅਤੇ ਢੁਕਵਾਂ ਹੈ ਕਿ ਜੇ ਫ਼ਾਰਸੀ ਅਸ਼ਆਰ ਨੂੰ ਪੁਸਤਕ ਵਿੱਚੋਂ ਉਹਲੇ ਕਰ ਦੇਈਏ ਤਾਂ ਅਨੁਵਾਦ ਕੀਤਾ ਸਾਰਾ ਕਲਾਮ ਹੀ ਮੌਲਿਕ ਸਥਾਨ ਪ੍ਰਪਾਤ ਕਰ ਜਾਵੇਗਾ। ਏਥੇ ਜੇ ਮੈਂ ਇਹ ਕਹਿ ਦੇਵਾਂ ਕਿ ਡਾ. ਸਾਹਿਬ ਨੇ ਫ਼ਾਰਸੀ ਭਾਸ਼ਾ ਵਿੱਚ ਪਏ ਸਾਡੇ ਮਹਾਨ ਵਿਦਵਾਨਾਂ ਦੇ ਅਨਮੋਲ ਸਾਹਿਤਕ ਖ਼ਜ਼ਾਨੇ ਨੂੰ, ਜਿਸ ਤੋਂ ਵਰਤਮਾਨ ਦੇ ਫ਼ਾਰਸੀ ਭਾਸ਼ਾ ਹੀਣ ਵਾਰਸ ਨਾਵਾਕਫ਼ ਹੋ ਗਏ ਹਨ, ਦਿਸ਼ਾ ਦੇ ਕੇ ਸਮਝਣਯੋਗ ਬਣਾਇਆ ਹੈ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਅੱਜ ਸਾਨੂੰ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਕਿ ਜ਼ਫ਼ਰਨਾਮਾ, ਦੀਵਾਨਿ ਗੋਯਾ, ਅਮਰਨਾਮਾ ਅਤੇ ਜ਼ਿੰਦਗੀ ਨਾਮਾ ਵਿੱਚ ਕੀ ਹੈ। ਮੈਂ ਡਾ. ਸਾਹਿਬ ਦੇ ਅਨੁਵਾਦ ਦੇ ਉੱਦਮ ਨੂੰ ਸਲਾਮ ਕਹਿੰਦਾ ਹਾਂ।

ਵਿੱਦਿਆ ਤੇ ਭਾਸ਼ਾ ਮੰਤਰੀ ਕਈ ਸਾਲ ਰਹਿਣ ਵਜੋਂ ਸਾਹਿਤਕ ਖੇਤਰ ਵਿੱਚ ਡਾ. ਪੰਦੋਹਲ ਦੀ ਜੋ ਪ੍ਰਸਿੱਧੀ ਮੈਂ ਵੇਖੀ ਹੈ, ਮੈਂ ਉਸ ਨਾਲ ਗਦ ਗਦ ਹੋਇਆ ਹਾਂ ਕਿ ਉਹਨਾਂ ਦੀਆਂ ਕਲਾ ਕਿਰਤੀਆਂ ਨੇ ਦੇਸ ਪ੍ਰਦੇਸ ਵਿੱਚ ਇੱਕ ਸਰਵਉੱਚ ਥਾਂ ਬਣਾਈ ਹੋਈ ਹੈ ਜਿਸ ਤੇ ਸਾਨੂੰ ਬੇਹੱਦ ਮਾਣ ਹੈ।

ਪੁਸਤਕ 'ਜ਼ਿੰਦਗੀਨਾਮਾ' (ਮਸਨਵੀ) ਦੇ ਫ਼ਾਰਸੀ ਕਾਵਿ ਤੋਂ ਪੰਜਾਬੀ ਕਾਵਿ ਵਿੱਚ ਕੀਤੇ ਬਹੁਤ ਖ਼ੂਬਸੂਰਤ ਅਨੁਵਾਦ ਨੂੰ ਹਾਰਦਿਕ 'ਜੀ ਆਇਆਂ' ਕਹਿੰਦਾ ਹੋਇਆ ਅਨੁਵਾਦ ਵਿੱਚ ਮੌਲਿਕਤਾ ਬਿਖੇਰਦੇ-ਡਾ. ਗੁਰਦੇਵ ਸਿੰਘ ਪੰਦੋਹਲ ਨੂੰ ਮੈਂ ਮੁਬਾਰਕਬਾਦ ਪੇਸ਼ ਕਰਦਾ ਹਾਂ ਤੇ ਉਹਨਾਂ ਦੀਆਂ ਉੱਚੀਆਂ ਉਡਾਰੀਆਂ ਦੀ ਕਾਮਨਾ ਕਰਦਾ ਹੋਇਆ ਦੁਆ ਕਰਦਾ ਹਾਂ ਕਿ:

'ਅੱਲਾਹ ਕਰੇ ਜ਼ੋਰਿ ਕਲਮ ਔਰ ਜ਼ਿਆਦਾ'

ਮਿਤੀ 08.06.2002

**ਲਖਮੀਰ ਸਿੰਘ ਰੰਧਾਵਾ**
ਸਾਬਕਾ ਵਿੱਦਿਆ ਅਤੇ ਭਾਸ਼ਾ ਮੰਤਰੀ,
ਪੰਜਾਬ ਸਰਕਾਰ।

# ਭਾਈ ਸਾਹਿਬ ਨੰਦ ਲਾਲ 'ਗੋਯਾ'
# ਅਤੇ
# ਉਸਦੀ ਅਮਰ ਰਚਨਾ ਜ਼ਿੰਦਗੀ ਨਾਮਾ

ਬੜੇ ਗ਼ੌਰ ਸੇ ਸੁਨ ਰਹਾ ਥਾ ਜ਼ਮਾਨਾ,
ਹਮੀਂ ਸੋ ਗਏ ਦਾਸਤਾਂ ਕਹਿਤੇ ਕਹਿਤੇ।

ਸਮੇਂ ਦਾ ਪਹੀਆ ਬਹੁਤ ਬਲਵਾਨ ਹੈ ਜੋ ਠਹਿਰਨ ਜਾਂਚ ਨਹੀਂ ਜਾਣਦਾ। ਇਹ ਬੇ-ਲਿਹਾਜ਼ ਜਿਸਨੂੰ ਵੀ ਆਪਣੀ ਜ਼ੱਦ ਵਿੱਚ ਲੈਂਦਾ ਹੈ, ਦਰੜ ਕੇ ਅੱਗੇ ਲੰਘ ਜਾਂਦਾ ਹੈ। ਨਾ ਜਾਣੇ ਕਿੰਨੇ ਪੀਰ ਪੈਗ਼ੰਬਰ, ਵਲੀ ਤੇ ਔਲੀਏ ਇਸਦਾ ਸ਼ਿਕਾਰ ਹੋ ਕੇ ਧਰਤੀ ਦੀ ਗੋਦ ਵਿੱਚ ਸੁੱਤੇ ਪਏ ਹਨ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਅਜਿਹੇ ਵਿਅਕਤੀ ਜਿਸਮਾਨੀ ਤੌਰ ਤੇ ਤਾਂ ਅਲੋਪ ਹੋ ਜਾਂਦੇ ਹਨ ਪਰ ਆਪਣੇ ਪੈਰ-ਚਿੰਨ੍ਹ ਸਦੀਵੀ ਪੱਥ ਪਰਦਰਸ਼ਤਾ ਲਈ ਛੱਡ ਜਾਂਦੇ ਹਨ। ਜਿਵੇਂ ਕਿ ਪਵਿੱਤਰ ਕੁਰਆਨ ਮਜੀਦ ਵਿੱਚ ਲਿਖਿਆ ਹੈ:

ਵਾ ਮਾ ਅਰਸਲਨਾ ਮਿਰੱਸੂਲਿਨ
ਇੱਲਾ ਬਿਲਿਸਾਨੇ ਕੌਮਿ ਹੀਲਿਯੁ ਬਯਿਨਾਲ ਹੁਮ।

ਅਰਥਾਤ:

"ਮੈਂ ਆਪਣੇ ਰਸੂਲ ਨੂੰ ਭੇਜਦਾ ਹਾਂ। ਓਹ ਓਹਨਾਂ ਲੋਕਾਂ ਦੀ ਬੋਲੀ ਵਿੱਚ ਓਹਨਾਂ ਨੂੰ ਸਮਝਾਉਂਦਾ ਹੈ ਕਿ ਠੀਕ ਰਾਹ ਕਿਹੜਾ ਹੈ।"

ਠੀਕ ਇਸ ਮੁਕੱਦਸ ਵਾਕ ਦੀ ਰੌਸ਼ਨੀ ਵਿੱਚ, ਇੱਕ ਮੁਦੱਬਰ, ਇਸ਼ਕ ਹਕੀਕੀ ਦੀ ਤਰਜਮਾਨੀ ਕਰਨ ਲਈ ਜੀਵਨ ਧਾਰ ਗਤੀਸ਼ੀਲ ਹੋਇਆ ਤੇ ਸਾਹਿਤ-ਸਟੇਜ ਉੱਤੇ ਆਪਣਾ ਰੋਲ ਨਿਭਾ ਕੇ ਬੀਤੇ ਦੀ ਬੁੱਕਲ ਵਿੱਚ ਲਿਪਟ ਗਿਆ। ਇਹ ਸੰਸਥਾ ਸੀ ਭਾਈ ਸਾਹਿਬ ਭਾਈ ਨੰਦ ਲਾਲ 'ਗੋਯਾ'।

ਸੰਨ 1992 ਵਿੱਚ ਮੈਂ ਜਦੋਂ ਯੂ. ਕੇ. ਵਿੱਚ ਗਿਆ ਤਾਂ ਇੱਕ ਦਿਨ ਮੈਨੂੰ ਸਕਾਟਲੈਂਡ ਦੇ ਪ੍ਰਸਿੱਧ ਸ਼ਹਿਰ ਗਲਾਸਗੋ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਰਚਨਾ 'ਜ਼ਫ਼ਰਨਾਮਾ' ਉੱਤੇ ਲੈਕਚਰ ਦੇਣ ਦਾ ਇਤਫ਼ਾਕ ਹੋਇਆ ਜਿਸਦਾ ਮੈਂ ਸੰਨ 1973 ਵਿੱਚ ਫ਼ਾਰਸੀ ਕਵਿਤਾ ਤੋਂ ਪੰਜਾਬੀ ਕਵਿਤਾ ਵਿੱਚ ਉਸੇ ਬਹਿਰ ਵਿੱਚ ਅਨੁਵਾਦ ਕੀਤਾ ਸੀ ਤੇ ਉਦੋਂ ਇਸਦਾ ਦੂਜਾ ਐਡੀਸ਼ਨ ਛਪਿਆ ਸੀ। ਭਾਵੇਂ 2001

ਵਿੱਚ ਚੌਥਾ ਐਡੀਸ਼ਨ ਵੀ ਛਪ ਚੁੱਕਿਆ ਹੈ। ਹਜ਼ਾਰਾਂ ਦੀ ਗਿਣਤੀ ਵਿੱਚ ਉੱਥੇ ਲੋਕ ਇਕੱਤਰ ਸਨ। ਲੈਕਚਰ ਦੇਣ ਉਪਰੰਤ 25-30 ਦੀ ਗਿਣਤੀ ਵਿੱਚ ਸਰੋਤੇ ਜਿਨ੍ਹਾਂ ਵਿੱਚ ਬਹੁ-ਗਿਣਤੀ ਨੌਜਵਾਨ ਮੁੰਡੇ ਕੁੜੀਆਂ ਦੀ ਸੀ ਮੇਰੇ ਪਾਸ ਆ ਕੇ ਪੁੱਛਣ ਲੱਗੇ ਕਿ ਇਹ ਨੰਦ ਲਾਲ ਕੌਣ ਸੀ, ਜਿਸਦਾ ਤੁਸੀਂ ਆਪਣੇ ਲੈਕਚਰ ਵਿੱਚ ਜ਼ਿਕਰ ਕੀਤਾ ਹੈ। ਮੈਨੂੰ ਬਹੁਤ ਹੈਰਾਨੀ ਹੋਈ ਕਿ ਮੇਰੀ ਕੌਮ ਦੇ ਅਨੇਕਾਂ ਹੀ ਅਜਿਹੇ ਵਿਅਕਤੀ ਹੋਣਗੇ ਜਿਨ੍ਹਾਂ ਨੂੰ ਆਪਣੇ ਵਿਰਸੇ ਬਾਰੇ ਵੀ ਗਿਆਨ ਨਹੀਂ ਹੈ। ਮੈਂ ਸੋਚਿਆ ਕਿ ਇਹ ਇਨ੍ਹਾਂ ਦਾ ਕਸੂਰ ਨਹੀਂ ਸਗੋਂ ਇਹ ਤਾਂ ਸਾਡੇ ਨਜ਼ਾਮ, ਧਰਮ ਪ੍ਰਚਾਰ ਅਤੇ ਵਿੱਦਿਅਕ ਢਾਂਚੇ ਦਾ ਕਸੂਰ ਹੈ ਜੋ ਸਾਡੇ ਪੂਰਵਜਾਂ ਦੇ ਕਾਰਨਾਮਿਆਂ, ਓਹਨਾਂ ਦੀਆਂ ਧਾਰਮਿਕ ਸਚਾਈਆਂ ਪ੍ਰਤੀ ਪ੍ਰਾਪਤੀਆਂ ਅਤੇ ਸਾਹਿਤਕ ਉਚਾਣਾ ਤੱਕ ਪੁਚਾਈਆਂ ਕਦਰਾਂ ਕੀਮਤਾਂ ਨੂੰ ਜਨਸਮੂਹ ਤੱਕ ਪਹੁੰਚਾਉਣ ਤੋਂ ਅਸਫ਼ਲ ਰਹੇ ਹਨ। ਮੈਨੂੰ ਇਹ ਸੋਚ ਕੇ ਸ਼ਰਮ ਆਈ ਕਿ ਇਹਨਾਂ ਸਾਡੇ ਵਾਰਸਾਂ ਨੂੰ ਇਹ ਤਾਂ ਪਤਾ ਹੈ ਕਿ ਸ਼ੈਕਸਪੀਅਰ, ਮਿਲਟਨ, ਵਰਡਜ਼ਵਰਥ ਅਤੇ ਹੋਰ ਅਨੇਕਾਂ ਹੀ ਬਦੇਸ਼ੀ ਲੇਖਕ ਕੌਣ ਸਨ ਪਰ ਭਾਈ ਨੰਦ ਲਾਲ 'ਗੋਯਾ' ਜੋ ਉਹਨਾਂ ਦਾ ਆਪਣਾ ਸੀ, ਉਸ ਬਾਰੇ ਉੱਕਾ ਹੀ ਪਤਾ ਨਹੀਂ। ਮੈਂ ਵੇਖਿਆ ਕਿ ਉਹ ਜਾਨਣ ਲਈ ਬਹੁਤ ਹੀ ਉਤਸੁਕ ਸਨ ਪਰ ਅਸੀਂ ਹੀ ਮਾਇਆਵਾਦ ਅਤੇ ਸਿਆਸੀ ਚੌਧਰ ਦੀ ਲਾਲਸਾ ਵਿੱਚ ਵਿਰਸੇ ਤੋਂ ਬੇਮੁੱਖ ਹੋ ਘੂਕ ਸੁੱਤੇ ਪਏ ਹਾਂ ਤੇ ਆਪਣੀ ਗਿਆਨ ਪਟਾਰੀ ਤੋਂ ਬੇਮੁੱਖ ਹੋ ਇਸ ਸਥਿਤੀ ਵਿੱਚ ਬੇਹਿਸੋ ਹਰਕਤ ਹੋ ਗਏ ਹਾਂ। ਕਿਸੇ ਉਰਦੂ ਦੇ ਸ਼ਾਇਰ ਨੇ ਕਿੰਨਾਂ ਸੋਹਣਾਂ ਕਹਿਕੇ ਸਾਨੂੰ ਲਾਅਣਤ ਪਾਈ ਹੈ ਕਿ:

ਜ਼ਮਾਨਾ ਬੜੇ ਗ਼ੌਰ ਸੇ ਸੁਨ ਰਹਾ ਥਾ,
ਹਮੀਂ ਸੋ ਗਏ ਦਾਸਤਾਂ ਕਹਿਤੇ ਕਹਿਤੇ।

ਮੈਂ ਮਨ ਨਾਲ ਫ਼ੈਸਲਾ ਕਰ ਲਿਆ ਕਿ ਛੇਤੀ ਹੀ ਭਾਈ ਸਾਹਿਬ ਦੇ ਕਲਾਮ ਨੂੰ ਜੋ ਫ਼ਾਰਸੀ ਭਾਸ਼ਾ ਵਿੱਚ ਹੈ ਪੰਜਾਬੀ ਭਾਸ਼ਾ ਵਿੱਚ ਅਨੁਵਾਦਕੇ ਲੋਕਾਂ ਤੱਕ ਪੁਚਾਵਾਂਗਾ। ਇਸ ਤਰ੍ਹਾਂ ਭਾਰਤ ਪੁੱਜ ਕੇ ਮੈਂ ਭਾਈ ਸਾਹਿਬ ਦੀ ਰਚਨਾ 'ਦੀਵਾਨੇ ਗੋਯਾ' ਦੀਆਂ 63 ਫ਼ਾਰਸੀ ਗ਼ਜ਼ਲਾਂ ਜੋ ਉਹਨਾਂ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਮਹਿਬੂਬ ਮੰਨ ਕੇ ਸ਼ਰਧਾ ਵਿੱਚ ਲਿਖੀਆਂ ਸਨ ਦਾ ਪੰਜਾਬੀ ਗ਼ਜ਼ਲਾਂ ਵਿੱਚ ਉਲੱਥਾ ਕਰਨਾ ਆਰੰਭ ਕਰ ਦਿੱਤਾ ਤੇ ਜਨਵਰੀ ਸੰਨ 1995 ਵਿੱਚ ਪੁਸਤਕ 'ਦੀਵਾਨੇ ਗੋਯਾ' ਦੇ ਰੂਪ ਵਿੱਚ ਪੰਜਾਬੀ ਜਗਤ ਨੂੰ ਪੇਸ਼ ਕੀਤਾ ਜੋ 'ਜ਼ਫਰਨਾਮਾ' ਦੇ ਨਾਲ ਨਾਲ ਦੂਰ ਦਰਾਜ਼ ਦੇਸ਼ਾਂ ਵਿੱਚ ਪੁੱਜਿਆ ਹੈ।

'ਜ਼ਿੰਦਗੀ ਨਾਮਾ' ਭਾਈ ਸਾਹਿਬ ਭਾਈ ਨੰਦ ਲਾਲ 'ਗੋਯਾ' ਦੀ ਇੱਕ ਜਗਤ ਪ੍ਰਸਿੱਧ ਕਾਵਿ ਰਚਨਾ ਹੈ ਜੋ 'ਮਸਨਵੀ' ਸਿਨਫ ਹੈ। ਹਾਲਾਤ ਦੀ ਮਜਬੂਰੀ ਨੇ ਜਦੋਂ ਭਾਈ ਸਾਹਿਬ ਨੂੰ ਆਨੰਦਪੁਰ ਸਾਹਿਬ ਪੁਚਾ ਦਿੱਤਾ ਤੇ ਉਸਨੇ 'ਖ਼ਾਲਸਾ' ਦੇ ਜ਼ਹੂਰ ਤੇ ਸ਼ਾਨੋ ਸ਼ੌਕਤ ਨੂੰ ਵੇਖਿਆ ਤਾਂ ਉਹ ਅਸ਼ ਅਸ਼ ਕਰ ਉੱਠਿਆ। ਉਸਨੂੰ ਸ਼ੇਅਰ ਗੋਈ ਦਾ ਬਚਪਨ ਤੋਂ ਹੀ ਸ਼ੌਕ ਸੀ। ਉਸਨੇ ਸਿੱਖ ਧਰਮ ਬਾਰੇ ਬਹੁਤ ਡੂੰਘਾ ਅਧਿਐਨ ਕੀਤਾ

ਤੇ ਉਸਦਾ ਰੁਹਜਾਨ ਗੁਰੂ ਭਗਤੀ ਅਤੇ ਇਸ਼ਕ ਇਲਾਹੀ ਵੱਲ ਹੋ ਗਿਆ ਤੇ ਉਥੋਂ ਦੇ ਰੂਹਾਨੀ ਤੇ ਅਦਬੀ ਮਾਹੌਲ ਵਿੱਚ ਉਸਦੀ ਕਾਇਆ ਪਲਟ ਗਈ। ਗੁਰੂ ਜੀ ਦੇ ਦਰਸ਼ਨ ਕਰਕੇ ਉਹ ਗਦ ਗਦ ਹੋ ਗਿਆ ਤੇ ਗਿਆਨ ਦਾ ਉਮਡਿਆ ਸਾਗਰ ਭਗਤੀ ਭਰਪੂਰ ਨਜ਼ਮ ਦੇ ਰੂਪ ਵਿੱਚ ਵਹਿ ਤੁਰਿਆ। ਇਸ ਤਰ੍ਹਾਂ ਆਨੰਦਪੁਰ ਆ ਕੇ 'ਗੋਯਾ' ਨੇ ਜੋ ਪਹਿਲੀ ਪੁਸਤਕ ਰਚੀ ਉਹ 'ਬੰਦਗੀ ਨਾਮਾ' ਸੀ। ਅਜੇ ਇਹ ਮੁਕੰਮਲ ਨਹੀਂ ਹੋਈ ਸੀ। ਕਹਿੰਦੇ ਹਨ ਕਿ ਇੱਕ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਆਪਣੀ ਹਵੇਲੀ ਵਿੱਚੋਂ ਬਾਹਰ ਆ ਕੇ ਭਾਈ ਨੰਦ ਲਾਲ ਦੇ ਲੰਗਰ ਵੱਲ ਚਲੇ ਗਏ। ਆਨੰਦਪੁਰ ਸਾਹਿਬ ਵਿੱਚ ਜਿੰਨੇ ਡੇਰੇ ਸਨ ਉਹਨਾਂ ਸਾਰਿਆਂ ਵਿੱਚ ਲੰਗਰ ਚਲਦੇ ਸਨ ਤੇ ਹਰ ਗ਼ਰੀਬ ਗ਼ੁਰਬੇ ਨੂੰ ਰੋਟੀ ਮਿਲਦੀ ਸੀ। ਭਾਈ ਨੰਦ ਲਾਲ ਦਾ ਡੇਰਾ ਵੀ ਇਹਨਾਂ ਵਿੱਚੋਂ ਇੱਕ ਸੀ। ਜੋ ਅੱਜ ਵੀ ਨੰਗਲ ਡੈਮ ਵਲ ਜਾਂਦੀ ਸੜਕ ਲਾਗੇ ਮੌਜੂਦ ਹੈ। ਗੁਰੂ ਜੀ ਨੇ ਵੇਖਿਆ ਕਿ ਨੰਦ ਲਾਲ ਇੱਕ ਹੱਥ ਨਾਲ ਲੋੜਵੰਦਾਂ ਨੂੰ ਪਰਸ਼ਾਦੇ ਵੰਡ ਰਿਹਾ ਹੈ ਤੇ ਉਸਦੇ ਦੂਜੇ ਹੱਥ ਵਿੱਚ ਕਾਗਜ਼ਾਂ ਦਾ ਇੱਕ ਥੱਬਾ ਹੈ। ਗੁਰੂ ਜੀ ਬਹੁਤ ਪ੍ਰਸੰਨ ਹੋਏ ਤੇ ਖੁਸ਼ੀ ਵਿੱਚ ਕਹਿਣ ਲੱਗੇ:

'ਭਾਈ ਸਾਹਿਬ ਇਹ ਹੱਥ ਵਿੱਚ ਕੀ ਫ਼ੜ ਰੱਖਿਆ ਹੈ?'

'ਹਜ਼ੂਰ ਮੈਂ ਇੱਕ ਪੁਸਤਕ ਲਿਖੀ ਹੈ,' ਉੱਤਰ ਮਿਲਿਆ।

'ਪੜ੍ਹ ਕੇ ਸੁਣਾਉਂਗੇ ਕੀ ਲਿਖਿਐ?'

'ਹਜ਼ੂਰ ਮੈਂ ਕੇਡਾ ਭਾਗਸ਼ਾਲੀ ਹਾਂ ਜੋ ਤੁਸੀਂ ਮੇਰੇ ਜਜ਼ਬਾਤ ਦੀ ਤਰਜਮਾਨੀ ਕਰਨ ਲਈ ਪਧਾਰੇ ਹੋ!'

ਇਸ ਪਿੱਛੋਂ ਗੁਰੂ ਜੀ ਇੱਕ ਨੁੱਕਰ 'ਚ ਕੁੱਝ ਖਜੂਰਾਂ ਦੇ ਬਿਰਖਾਂ ਹੇਠਾਂ ਬਿਰਾਜਮਾਨ ਹੋ ਗਏ ਤੇ ਭਾਈ ਸਾਹਿਬ ਨੇ ਆਪਣੀ ਰਚਨਾ ਪੜ੍ਹਨੀ ਆਰੰਭੀ। ਲਗਭਗ ਇੱਕ ਘੰਟੇ ਪਿੱਛੋਂ ਜਦੋਂ ਪੁਸਤਕ ਖ਼ਤਮ ਹੋਈ ਤਾਂ ਹੈਰਾਨ ਪ੍ਰੇਸ਼ਾਨ ਪਰ ਬਹੁਤ ਪ੍ਰਸੰਨ ਹੋਕੇ ਗੁਰੂ ਜੀ ਬੋਲੇ:

'ਭਾਈ ਸਾਹਿਬ ਇਸ ਪੁਸਤਕ ਦਾ ਨਾਉਂ ਕੀ ਰੱਖਿਆ ਹੈ?'

'ਹਜ਼ੂਰ! 'ਬੰਦਗੀ ਨਾਮਾ' ਰੱਖਿਆ ਹੈ।'

'ਬਹੁਤ ਖ਼ੂਬ! ਨਾਮ ਬਹੁਤ ਵਧੀਆ ਹੈ ਪਰ ਮੈਂ ਚਾਹੁਨਾਂ..........'

'ਸੱਚੇ ਪਾਤਸ਼ਾਹ ਜੋ ਚਾਹੁੰਦੇ ਹੋ ਕਰ ਦੇਵੋ।'

ਇਸ ਪਿੱਛੋਂ ਖਰੜਾ ਭਾਈ ਸਾਹਿਬ ਨੇ ਗੁਰੂ ਜੀ ਦੇ ਚਰਨਾਂ ਵਿੱਚ ਰੱਖ ਦਿੱਤਾ। ਉਹਨਾਂ ਨੇ ਸਤਿਕਾਰ ਨਾਲ ਚੁੱਕਿਆ ਤੇ ਇਹ ਕਹਿੰਦਿਆਂ ਕਿ ਇਹ ਗ੍ਰੰਥ ਰੂਪੀ ਪਿਆਲਾ ਅੰਮ੍ਰਿਤ ਨਾਲ ਭਰਿਆ ਪਿਆ ਹੈ ਜਿਸ ਨਾਲ ਮੁਰਦੇ ਜੀਵਤ ਹੋ ਜਾਂਦੇ ਹਨ। ਇਸਨੂੰ ਪੜ੍ਹਨ ਨਾਲ ਸਦਾ ਹੀ ਜ਼ਿੰਦਗੀ ਮਿਲਦੀ ਹੈ ਇਸ ਲਈ ਇਸ ਗ੍ਰੰਥ ਦਾ ਨਾਮ 'ਜ਼ਿੰਦਗੀ ਨਾਮਾ' ਰੱਖਿਆ ਗਿਆ ਹੈ, ਹੇਠ ਲਿਖਿਆ ਸ਼ੇਅਰ ਆਪਣੇ ਵੱਲੋਂ ਲਿਖ ਦਿੱਤਾ:—

ਜ਼ ਆਬੇ ਹੈਵਾਂ, ਪੁਰ ਸ਼ੁਦਹ ਚੂੰ ਜਾਮੇ ਊ।
'ਜ਼ਿੰਦਗੀ ਨਾਮਾ' ਸ਼ੁਦਹ ਚੂ ਨਾਮੇ ਊ॥ 511 ॥

ਅਰਥਾਤ:—

ਜਦ ਪਿਆਲਾ ਨਾਲ ਅੰਮ੍ਰਿਤ ਭਰ ਗਿਆ।
ਨਾਮ ਇਸਦਾ 'ਜ਼ਿੰਦਗੀ ਨਾਮਾ' ਧਰ ਲਿਆ।

ਨਾਲ ਹੀ ਗੁਰੂ ਜੀ ਨੇ ਭਾਈ ਸਾਹਿਬ ਨੂੰ ਹਰ ਰੋਜ਼ ਸ਼ਾਮ ਵੇਲੇ ਦਰਬਾਰ ਵਿੱਚ ਲੋਕਾਂ ਨੂੰ ਇਸ ਗ੍ਰੰਥ ਦੀ ਕਥਾ ਸੁਣਾਉਣ ਲਈ ਕਿਹਾ ਜਿਸ ਤੋਂ ਸੁਣਨ ਵਾਲੇ ਬੇਅੰਤ ਪ੍ਰਸੰਨ ਹੋਏ।

ਪੁਸਤਕ 'ਜ਼ਿੰਦਗੀਨਾਮਾ' ਸਿਨਫ਼ ਵਜੋਂ 'ਮਸਨਵੀ' ਹੈ। 'ਲੁਗ਼ਾਤ ਫ਼ੀਰੋਜ਼ੀ' ਵਿੱਚ ਮਸਨਵੀ ਬਾਰੇ ਇਸ ਤਰ੍ਹਾਂ ਦਿੱਤਾ ਹੈ:—

**ਮਸਨਵੀ:**—ਮਨਸੂਬ ਬਹ ਮੁਸੱਨਾ ਜਿਸ ਕੇ ਮਾਅਨੀ ਦੋ ਦੋ ਹੈਂ। ਕਿਉਂਕਿ ਮਸਨਵੀ ਕੇ ਹਰ ਬੈਂਤ ਮੇਂ ਦੋ ਕਾਫ਼ੀਏ ਅਲਹਿਦਾ ਅਲਹਿਦਾ ਹੋਤੇ ਹੈਂ ਇਸ ਵਾਸਤੇ ਅੱਬੀਆਤੇ ਮੁਖ਼ਤਲਿਫ਼ ਉਲ ਕਵਾਫ਼ੀ ਕੋ ਮਸਨਵੀ ਕਹਾ ਗਿਆ ਹੈ।

ਪ੍ਰੈਕਟੀਕਲ ਡਿਕਸ਼ਨਰੀ ਵਿੱਚ ਮਸਨਵੀ ਬਾਰੇ ਕਿਹਾ ਗਿਆ ਹੈ: A Kind of verse in which the complete Rhyme regularly. A poem in which The Second line of every distich rhymes with the same latter.

(Page 527)

ਮਹਾਨਕੋਸ਼ ਅਨੁਸਾਰ ਅਰਬੀ ਭਾਸ਼ਾ ਵਿੱਚ ਉਸ ਛੰਦ ਨੂੰ ਮਸਨਵੀ ਆਖਦੇ ਹਨ ਜਿਸਦੇ ਦੋ ਦੋ ਪਦ ਸਮਾਨ ਅਨੁਪ੍ਰਾਸ ਦੇ ਹੋਣ। ਇਸ ਛੰਦ ਦਾ ਵਿਸ਼ੇਸ਼ ਕਰਕੇ ਲੱਛਣ ਹੈ-ਪ੍ਰਤਿ ਚਰਣ 19 ਮਾਤਰਾ, 12-7 ਪੁਰ ਵਿਸ਼ਰਾਮ।

ਤਾਰੀਖ਼ੇ ਅਦਬੇ ਉਰਦੂ ਅਨੁਸਾਰ ਇਸ ਵਿੱਚ ਬਹਿਰਾਂ ਅਤੇ ਫ਼ਾਰਸੀ ਨਜ਼ਮ ਨਾਲ ਸੰਬੰਧਤ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ। ਸੋ ਮਸਨਵੀ ਲਿਖਣ ਵਾਲੇ ਦਾ ਸਭ ਤੋਂ ਮੁੱਖ ਕਰਤੱਵ ਇਹ ਹੈ ਕਿ ਸ਼ੇਅਰਾਂ ਅਤੇ ਤੁਕਾਂ ਦੀ ਤਰਤੀਬ ਅਜਿਹੀ ਗੰਭੀਰ ਹੋਵੇ ਕਿ ਹਰ ਤੁਕ ਦੂਜੀ ਤੁਕ ਨਾਲ ਅਤੇ ਹਰ ਸ਼ੇਅਰ ਦੂਜੇ ਸ਼ੇਅਰ ਨਾਲ ਜੁੜਦਾ ਚਲਿਆ ਜਾਵੇ ਅਤੇ ਦੋਹਾਂ ਵਿਚਕਾਰ ਕੋਈ ਅਜਿਹਾ ਖੱਪਾ ਬਾਕੀ ਨਾ ਰਹਿ ਜਾਵੇ ਕਿ ਜਦੋਂ ਤੱਕ ਕੁੱਝ ਪੱਲਿਉਂ ਨਾ ਪਾਇਆ ਜਾਵੇ ਉਦੋਂ ਤੱਕ ਕਵਿਤਾ ਉਹੋ ਜਿਹੀ ਲੜੀ ਬੱਧ ਤੇ ਗੁੰਦਵੀਂ ਨਾ ਹੋਵੇ ਜਿਹੋ ਜਿਹੀ ਕਿ ਚਾਹੀਦੀ ਹੈ। ਉਰਦੂ ਫ਼ਾਰਸੀ ਮਸਨਵੀਆਂ ਵਿੱਚ ਕਿੱਸਿਆਂ, ਕਹਾਣੀਆਂ ਅਤੇ ਮਨਘੜਤ ਅਫ਼ਸਾਨਿਆਂ ਦੀ ਭਰਮਾਰ ਹੈ। ਜੇ 'ਜ਼ਿੰਦਗੀ ਨਾਮਾ' ਮਸਨਵੀ ਨੂੰ ਪਾਰਖੂ ਨਜ਼ਰੀਏ ਨਾਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਹ ਬੰਦਗੀ ਦੀ ਮੁਸਲਸਲ ਕਹਾਣੀ ਰਾਹੀਂ ਖ਼ੂਬਸੂਰਤ ਜ਼ਿੰਦਗੀ ਉਸਾਰਨ ਦੀ ਘਾੜਤ ਹੈ ਜਿਸਦੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਵਰਗੇ ਮਹਾਨ ਵਿਦਵਾਨ ਤੇ ਅਮਰ ਸਾਹਿਤਕਾਰ ਨੇ ਆਪਣੀ ਪਰਖ ਕਸਵੱਟੀ ਤੇ ਪਰਖ ਕੇ ਤਸਦੀਕ ਕੀਤੀ ਹੈ।

ਤਾਰੀਖ਼-ਏ-ਅਦੀਬਾਤਿ ਈਰਾਨ ਵਿੱਚ ਇਕ ਥਾਂ ਲਿਖਿਆ ਹੈ ਕਿ ਤੁਸੀਂ

ਕਿਸੇ ਸ਼ਾਇਰ ਦੇ ਕਲਾਮ ਦਾ ਜਾਇਜ਼ਾ ਲੈ ਕੇ ਆਨੰਦ ਮਾਨਣਾ ਚਾਹੁੰਦੇ ਹੋ ਤਾਂ ਉਸਦੇ ਜੀਵਨ ਬਾਰੇ ਜਾਨਣਾ ਬਹੁਤ ਜ਼ਰੂਰੀ ਹੁੰਦਾ ਹੈ ਕਿਉਂਕਿ ਉਹ ਆਪਣੀ ਰਚਨਾ ਵਿੱਚ ਆਪ ਬਿਰਾਜਮਾਨ ਹੁੰਦਾ ਹੈ। ਇਸ ਵਿਚਾਰ ਦੀ ਰੌਸ਼ਨੀ ਵਿੱਚ ਏਥੇ ਸ਼੍ਰੋਮਣੀ ਕਵੀ-ਭਾਈ ਨੰਦ ਲਾਲ 'ਗੋਯਾ' ਬਾਰੇ ਜਾਣਕਾਰੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ।

ਭਾਈ ਨੰਦ ਲਾਲ ਗੋਯਾ ਦੇ ਵਡੇਰੇ ਕਿੱਥੋਂ ਦੇ ਰਹਿਣ ਵਾਲੇ ਸਨ? ਇਸ ਪ੍ਰਸ਼ਨ ਦਾ ਉੱਤਰ ਤਾਂ ਅਜੇ ਖੋਜ ਦਾ ਮੁਥਾਜ ਹੈ ਪਰ ਕੁਝ ਮਿਲਦੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਭਾਈ ਸਾਹਿਬ ਭਾਈ ਨੰਦ ਲਾਲ 'ਗੋਯਾ' ਸੰਨ 1653 ਵਿੱਚ ਗ਼ਜ਼ਨੀ (ਈਰਾਨ) ਤੋਂ ਭਾਰਤ ਆਕੇ ਮੁਲਤਾਨ (ਪੰਜਾਬ) ਵਿੱਚ ਆਬਾਦ ਹੋਏ ਸਨ ਜੋ ਹੁਣ ਪਾਕਿਸਤਾਨ ਵਿੱਚ ਹੈ।

ਭਾਈ ਨੰਦ ਲਾਲ ਦੇ ਪਿਤਾ ਲਾਲਾ ਛੱਜੂਮੱਲ (ਛੱਜੂਰਾਮ?) ਸੰਸਕ੍ਰਿਤ, ਹਿੰਦੀ, ਅਰਬੀ ਤੇ ਫ਼ਾਰਸੀ ਦੇ ਸਿਰ ਕੱਢ ਵਿਦਵਾਨ ਸਨ ਤੇ ਇਸਲਾਮੀ ਰਸਮ ਰਿਵਾਜ਼ ਸੱਭਿਆਚਾਰ ਅਤੇ ਹੋਰ ਤੌਰ ਤਰੀਕਿਆਂ ਤੋਂ ਭਲੀਭਾਂਤ ਵਾਕਿਫ਼ ਸਨ। ਓਹਨਾਂ ਦੀ ਇਸ ਵਿਸ਼ਾਲ ਪ੍ਰਤਿਭਾ ਤੋਂ ਪ੍ਰਭਾਵਤ ਹੋ ਕੇ ਸ਼ਹਿਜ਼ਾਦਾ ਦਾਰਾ ਸ਼ਿਕੋਹ ਉਹਨਾਂ ਦੀ ਬਹੁਤ ਹੀ ਕਦਰ ਕਰਦਾ ਸੀ। ਇਸਦਾ ਕਾਰਣ ਇਹ ਸੀ ਕਿ ਦਾਰਾ ਖ਼ੁਦ ਇੱਕ ਗ਼ੈਰਮਾਮੂਲੀ ਕਾਬਲੀਅਤ ਦਾ ਮਾਲਕ ਸੀ। ਉਹ ਖ਼ੁਦਾ ਸ਼ਿਨਾਸ ਤੇ ਵਿਦਵਾਨਾਂ ਦਾ ਕਦਰਦਾਨ ਸੀ। ਉਸਨੇ ਉਪਨਿਸ਼ਦਾ ਅਤੇ ਹੋਰ ਧਰਮਿਕ ਗ੍ਰੰਥਾਂ ਦਾ ਸੰਸਕ੍ਰਿਤ ਤੇ ਫ਼ਾਰਸੀ ਵਿੱਚ ਵੀ ਅਨੁਵਾਦ ਕੀਤਾ ਸੀ, ਇਸ ਕਰਕੇ ਓਹ ਮੁਨਸ਼ੀ ਛੱਜੂ ਮੱਲ ਦਾ ਬਹੁਤ ਹੀ ਗੂੜ੍ਹਾ ਮਿੱਤਰ ਸੀ ਜਿਸਦੇ ਨਾਲ ਉਹ ਭਾਰਤੀ ਸੱਭਿਆਚਾਰ ਤੇ ਸੰਸਕ੍ਰਿਤੀ ਬਾਰੇ ਆਮ ਵਿਚਾਰ ਵਟਾਂਦਰਾ ਕਰਿਆ ਕਰਦਾ ਸੀ।

ਭਾਈ ਕਾਹਨ ਸਿੰਘ ਨਾਭਾ ਕਰਤਾ 'ਮਹਾਨ ਕੋਸ਼' ਨੇ ਪੰਨਾਂ 723 ਉੱਤੇ ਲਿਖਿਆ ਹੈ:

'ਮੁਨਸ਼ੀ ਛੱਜੂ ਰਾਮ ਆਂਗ੍ਰਿਸ਼ ਖੱਤਰੀ, ਫ਼ਾਰਸੀ ਵਿਦਵਾਨ ਸਨ। ਸੰਨ 1630 ਵਿੱਚ ਉਹ ਹਿੰਦੋਸਤਾਨੋਂ ਗ਼ਜ਼ਨੀ ਵੱਲ ਗਿਆ ਅਤੇ ਆਪਣੀ ਯੋਗਤਾ ਦੇ ਬਲ ਉੱਤੇ ਉਥੋਂ ਦੇ ਹਾਕਮ ਦਾ ਮੀਰ ਮੁਨਸ਼ੀ ਹੋ ਗਿਆ।'

ਛੱਜੂ ਰਾਮ ਕਿਹੜੇ ਹਾਲਾਤ ਵਿੱਚ ਗਿਆ, ਇਸ ਬਾਰੇ ਉਹਨਾਂ ਨੇ ਜ਼ਿਕਰ ਨਹੀਂ ਕੀਤਾ। ਭਾਈ ਪਰਮਾਨੰਦ ਅਰੋੜਾ ਜਿਹੜੇ ਕਮਿਸ਼ਨਰ ਅੰਬਾਲਾ ਦੇ ਦਫ਼ਤਰ ਵਿੱਚ ਸੁਪਰਇਨਟੈਂਡੈਂਟ ਸਨ, ਨੇ ਡਾ. ਗੰਡਾ ਸਿੰਘ ਦੇ ਨਾਂ 14 ਅਕਤੂਬਰ ਸੰਨ 1948 ਨੂੰ ਲਿਖੇ ਇੱਕ ਪੱਤਰ ਵਿੱਚ ਕਿਹਾ ਹੈ ਕਿ ਭਾਈ ਨੰਦ ਲਾਲ ਦੀ ਪੈਦਾਇਸ਼ ਸੰਨ 1633 ਵਿੱਚ ਗ਼ਜ਼ਨੀ ਵਿੱਚ ਹੋਈ ਕਿਉਂਕਿ ਉਸਦੇ ਪਿਤਾ ਛੱਜੂ ਮੱਲ ਨੂੰ ਦਾਰਾ ਸ਼ਿਕੋਹ ਸੰਨ 1639 ਵਿੱਚ ਕੰਧਾਰ ਦੀ ਮੁਹਿਮ ਸਮੇਂ ਆਪਣਾ ਮੀਰ ਮੁਨਸ਼ੀ ਬਣਾ ਕੇ ਨਾਲ ਲੈ ਗਿਆ ਸੀ। ਇਸ ਤੋਂ ਇਹ ਤਾਂ ਸਪਸ਼ਟ ਹੈ ਕਿ ਛੱਜੂ ਮੱਲ ਦਾ ਪਰਿਵਾਰ ਵੀ ਨਾਲ ਹੋਵੇਗਾ ਪਰ ਸੋਚਣੋਂ ਵਾਲੀ ਗੱਲ ਇਹ ਹੈ ਕਿ ਜਦੋਂ ਛੱਜੂ ਮੱਲ ਗ਼ਜ਼ਨੀ ਵਿੱਚ

ਪੁੱਜਦਾ ਹੀ ਸੰਨ 1639 ਨੂੰ ਹੈ ਤਾਂ ਉਸਦੇ ਪੁੱਤਰ ਨੰਦ ਲਾਲ ਦਾ ਜਨਮ ਸੰਨ 1633 ਨੂੰ ਗ਼ਜ਼ਨੀ ਵਿੱਚ ਕਿਵੇਂ ਹੋਇਆ। ਸੰਨ 1633 ਵਿੱਚ ਗ਼ਜ਼ਨੀ ਵਿਖੇ ਜਨਮ ਉਸ ਹਾਲਾਤ ਵਿੱਚ ਸੰਭਵ ਹੋ ਸਕਦਾ ਹੈ ਜੇ ਉਸਦਾ ਪਰਿਵਾਰ ਇਸ ਤੋਂ ਪਹਿਲਾਂ ਉੱਥੇ ਰਹਿੰਦਾ ਹੋਵੇਗਾ। ਪ੍ਰਸਿੱਧ ਇਤਿਹਾਸਕਾਰ ਇਸ਼ਵਰੀ ਪ੍ਰਸ਼ਾਦ, ਕਿਰਪਾਲ ਸਿੰਘ ਨਾਰੰਗ ਅਤੇ ਕਈ ਹੋਰਾਂ ਨੇ ਦਾਰਾ ਸ਼ਿਕੋਹ ਦਾ ਕੰਧਾਰ ਵਿਖੇ ਮੁਹਿੰਮ ਲੈ ਕੇ ਜਾਣ ਦਾ ਸਮਾਂ ਸੰਨ 1652-53 ਦੱਸਿਆ ਹੈ। ਇਸ ਪ੍ਰਕਾਰ ਭਾਈ ਪਰਮਾਨੰਦ ਦਾ ਵਿਚਾਰ ਸਵੈ ਵਿਰੋਧੀ ਹੈ ਜੋ ਇਤਿਹਾਸ ਦੇ ਪੱਖੋਂ ਠੀਕ ਨਹੀਂ ਜਾਪਦਾ। ਗਹੁ ਨਾਲ ਘੋਖਣ ਤੋਂ ਪਤਾ ਲੱਗਦਾ ਹੈ ਕਿ ਲਾਲਾ ਛੱਜੂ ਮੱਲ ਦੇ ਘਰ ਭਾਈ ਨੰਦ ਲਾਲ ਪਿਛਲੀ ਉਮਰੇ ਜਨਮੇਂ ਹੋਣਗੇ। ਪਰ ਕਿੱਥੇ? ਇਸ ਬਾਰੇ ਕਿਤੋਂ ਵੀ ਸਪੱਸ਼ਟ ਨਹੀਂ ਹੁੰਦਾ ਕਿਉਂਕਿ ਕੋਈ ਪੱਕੀ ਇਤਿਹਾਸਿਕ ਗਵਾਹੀ ਨਹੀਂ ਮਿਲਦੀ।

ਇਤਿਹਾਸ ਦੇ ਪ੍ਰਸਿੱਧ ਖੋਜੀ ਡਾ. ਗੰਡਾ ਸਿੰਘ ਅਨੁਸਾਰ ਮੁਨਸ਼ੀ ਛੱਜੂ ਮੱਲ ਰੋਜ਼ੀ ਦੀ ਭਾਲ਼ ਵਿੱਚ ਮੁਗ਼ਲ ਬਾਦਸ਼ਾਹ ਸ਼ਹਾਬੁੱਦੀਨ ਮੁਹੰਮਦ ਸ਼ਾਹ ਜਹਾਨ ਵੇਲੇ ਭਾਰਤ ਦੀ ਰਾਜਧਾਨੀ ਦਿੱਲੀ ਪੁੱਜਾ ਅਤੇ ਨਿਜੀ ਕਾਬਲੀਅਤ ਤੇ ਵਿੱਦਿਅਕ ਯੋਗਤਾ ਸਦਕਾ ਦਾਰੁਲਨਿਸ਼ਾ-ਏ-ਸ਼ਾਹੀ ਵਿੱਚ ਮੁਲਾਜ਼ਮ ਹੋ ਗਿਆ। ਇਸ ਲਈ ਜ਼ਰੂਰੀ ਹੈ ਕਿ ਉਸਦਾ ਪਰਿਵਾਰ ਵੀ ਉਸਦੇ ਨਾਲ ਹੀ ਦਿੱਲੀ ਰਿਹਾ ਹੋਵੇਗਾ। ਸੋ ਬਹੁਤੀ ਸੰਭਾਵਨਾ ਇਹੋ ਹੈ ਕਿ ਭਾਈ ਸਾਹਿਬ ਦਾ ਜਨਮ ਸੰਨ 1633 ਦੇ ਨੇੜੇ ਤੇੜੇ ਦਿੱਲੀ ਵਿੱਚ ਜਾਂ ਮੁਲਤਾਨ ਵਿੱਚ ਹੋਇਆ ਹੋਵੇ।

ਸੰਨ 1639 ਵਿੱਚ ਕੰਧਾਰ ਦੇ ਕਿਲੇ ਉਤੇ ਕਬਜ਼ਾ ਕਰਨ ਉਪਰੰਤ ਉਥੋਂ ਦਾ ਪ੍ਰਬੰਧ ਕਰਨ ਲਈ ਜਦੋਂ ਸ਼ਾਹ ਜਹਾਨ ਨੇ ਬਹੁਤ ਸਾਰਾ ਅਮਲਾ ਕੰਧਾਰ ਭੇਜਿਆ, ਹੋ ਸਕਦਾ ਹੈ ਕਿ ਛੱਜੂ ਰਾਮ ਨੂੰ ਇਸ ਅਮਲੇ ਵਿੱਚ ਮੀਰ ਮੁਨਸ਼ੀ ਵਜੋਂ ਸੰਨ 1639-40 ਵਿੱਚ ਕੰਧਾਰ ਭੇਜਿਆ ਹੋਵੇ ਜੋ ਪਿੱਛੋਂ ਗ਼ਜ਼ਨੀ ਵਿੱਚ ਰਹਿਣ ਲੱਗ ਪਿਆ ਹੋਵੇ। ਇਸ ਤਰ੍ਹਾਂ ਜਦੋਂ ਮੁਨਸ਼ੀ ਛੱਜੂ ਮੱਲ ਦਾ ਪਰਿਵਾਰ ਗ਼ਜ਼ਨੀ ਗਿਆ ਉਸਦੇ ਪੁੱਤਰ ਨੰਦ ਲਾਲ ਦੀ ਉਮਰ ਛੇ ਸੱਤ ਸਾਲ ਦੀ ਹੀ ਸੀ।

ਭਾਈ ਨੰਦ ਲਾਲ ਨੇ ਗ਼ਜ਼ਨੀ ਵਿੱਚ ਰਹਿੰਦਿਆਂ ਅਰਬੀ ਤੇ ਫ਼ਾਰਸੀ ਦੀ ਉੱਚ ਵਿੱਦਿਆ ਪ੍ਰਾਪਤ ਕੀਤੀ। ਪੁਰਾਤਨ ਗ੍ਰੰਥਾਂ ਨੂੰ ਖ਼ੂਬ ਘੋਖਿਆ ਤੇ ਛੇਤੀ ਹੀ ਉਸਦਾ ਸ਼ੁਮਾਰ ਇਰਾਨੀ ਵਿਦਵਾਨਾਂ ਵਿੱਚ ਹੋਣ ਲੱਗਿਆ। 'ਅਦੀਬਾਤ ਈਰਾਨ' ਵਿੱਚ ਭਾਈ ਸਾਹਿਬ ਦੀ ਅਦਬੀ ਖ਼ਿਦਮਤ ਦਾ ਵਿਸ਼ੇਸ਼ ਜ਼ਿਕਰ ਹੈ। ਮਨਚਲੀ ਤਬੀਅਤ ਸੀ, ਅਦੀਬਾਂ ਦੀ ਸੰਗਤ ਮਿਲ ਗਈ ਜਿਸ ਨੇ ਆਪਾ ਪ੍ਰਗਟਾਉਣ ਦੀ ਹਸਰਤ ਨੂੰ ਟੁੰਬ ਜਗਾਇਆ ਤੇ ਭਾਈ ਸਾਹਿਬ ਇਨਸ਼ਾ ਪਰਦਾਜ਼ੀ, ਮਜ਼ਮੂਨ ਨਵੀਸੀ ਤੇ ਸ਼ਾਇਰੀ ਵਜੋਂ ਈਰਾਨ ਦੀ ਅਦਬੀ ਦੁਨੀਆਂ ਦੇ ਇੱਕ ਵਿਸ਼ੇਸ਼ ਰੁਕਨ ਬਣ ਗਏ।

'ਦਬਿਸਤਾਨੇ ਮਜ਼ਾਹਬ' ਪੁਸਤਕ ਵਿੱਚ ਜ਼ਿਕਰ ਹੈ ਕਿ ਉਸ ਵੇਲੇ ਕਾਬਲ ਅਤੇ ਕੰਧਾਰ ਵਿੱਚ ਬਹੁਤ ਸਾਰੀਆਂ ਧਰਮਸ਼ਾਲਾਵਾਂ ਬਣ ਚੁੱਕੀਆਂ ਸਨ ਕਿਉਂਕਿ ਗੁਰੂ ਨਾਨਕ ਦੇਵ ਜੀ ਉੱਥੇ ਆਪਣੀ ਫੇਰੀ ਪਾ ਚੁੱਕੇ ਸਨ ਜਿਸਦਾ ਲੋਕਾਂ ਉੱਤੇ ਬਹੁਤ

ਪ੍ਰਭਾਵ ਸੀ ਤੇ ਨਾਮਲੇਵਾ ਇਨ੍ਹਾਂ ਧਰਮਸ਼ਾਲਾਵਾਂ ਵਿੱਚ ਗੁਰੂ ਨਾਨਕ ਬਾਣੀ ਦਾ ਕੀਰਤਨ ਕਰਦੇ ਸਨ। ਛੱਜੂ ਮੱਲ ਰਾਮਾਨੰਦੀ ਬੈਰਾਗੀਆਂ ਦਾ ਚੇਲਾ ਸੀ। ਜਦੋਂ ਉਹ ਗ਼ਜ਼ਨੀ ਗਿਆ ਤਾਂ ਉਹ ਗੁਰਬਾਣੀ ਤੋਂ ਪੂਰਨ ਤੌਰ ਤੇ ਪ੍ਰਭਾਵਿਤ ਹੋ ਗਿਆ, ਜਿਸਤੋਂ ਉਸਦੇ ਪਰਿਵਾਰ ਤੇ ਵੀ ਉਹੀਓ ਰੰਗਤ ਚੜ੍ਹ ਜਾਣੀ ਲਾਜ਼ਮੀ ਸੀ।

ਬੈਰਾਗੀ ਮੱਤ ਅਨੁਸਾਰ ਜਦੋਂ 12 ਸਾਲ ਦੀ ਉਮਰ ਵਿੱਚ ਨੰਦ ਲਾਲ ਨੂੰ ਇੱਕ ਬੈਰਾਗ਼ੀ ਸੰਤ ਹੱਥੋਂ ਤੁਲਸੀ ਦੀ ਕੰਠੀ ਪਵਾਉਣ ਲੱਗੇ ਤਾਂ ਉਸਨੇ ਸਾਫ਼ ਇਨਕਾਰ ਕਰ ਦਿੱਤਾ। ਉਹ ਤਾਂ ਵਿੱਦਿਆ ਰਾਹੀਂ ਮਾਨਵਤਾ ਦੀ ਕੰਠੀ ਪਾਉਣਾ ਚਾਹੁੰਦਾ ਸੀ ਜੋ ਕਦੀ ਨਾ ਟੁੱਟੇ। ਇਹ ਸ਼ਾਇਦ ਉਸ ਉੱਤੇ ਗੁਰੂ ਮੱਤ ਦਾ ਹੀ ਪ੍ਰਭਾਵ ਸੀ।

ਨੰਦ ਲਾਲ ਅਜੇ 16 ਸਾਲ ਦਾ ਹੀ ਹੋਇਆ ਸੀ ਕਿ ਓਹ ਮਾਂ ਮਹਿੱਟਰ ਹੋ ਗਿਆ ਤੇ ਦੋ ਸਾਲ ਪਿੱਛੋਂ ਸੰਨ 1652 ਜਾਂ 1653 ਵਿੱਚ ਪਿਤਾ ਮੁਨਸ਼ੀ ਛੱਜੂ ਮੱਲ ਦਾ ਦੇਹਾਂਤ ਹੋ ਗਿਆ। ਓਹਨਾਂ ਦਾ ਹਿਤੈਸ਼ੀ ਦਾਰਾ ਵੀ ਵਾਪਸ ਭਾਰਤ ਆ ਚੁੱਕਾ ਸੀ। ਤੀਜੀ ਮੁਹਿਮ ਉੱਤੇ ਸੰਨ 1653 ਨੂੰ ਲਾਹੌਰ ਤੋਂ ਨਵਾਂ ਹਾਕਮ ਚਲਾ ਗਿਆ ਜੋ ਇਨ੍ਹਾਂ ਪ੍ਰਤੀ ਬਿਲਕੁਲ ਨਾਵਾਕਫ਼ ਸੀ। ਇਸ ਹਾਲਤ ਵਿੱਚ ਸ਼ਾਹੀ ਦਰਬਾਰ ਵਿੱਚ ਭਾਈ ਸਾਹਿਬ ਦੀ ਆਨ ਤੇ ਸ਼ਾਨ ਦਾ ਜਲੌਅ ਘਟ ਗਿਆ। ਭਾਈ ਸਾਹਿਬ ਨੇ ਕੋਸ਼ਿਸ਼ ਕੀਤੀ ਕਿ ਪਿਤਾ ਵਾਲੀ ਪਦਵੀ ਮਿਲ ਜਾਵੇ ਪਰ ਓਹਨਾਂ ਨੂੰ ਇੱਕ ਘਟੀਆ ਜੇਹੀ ਨੌਕਰੀ ਤੇ ਮਾਅਮੂਰ ਕਰ ਦਿੱਤਾ। ਭਾਈ ਸਾਹਿਬ ਬਹੁਤ ਹੀ ਅਣਖ਼ੀਲੇ ਸੁਭਾਵ ਵਾਲੇ ਗ਼ੈਰਤਮੰਦ ਵਿਅਕਤੀ ਸਨ। ਪਿਤਾ ਵਾਲੀ ਥਾਂ ਨਾ ਮਿਲਣ ਤੇ ਨਿਰਾਸ਼ ਹੋ ਗਏ ਕਿਉਂਕਿ ਦਿਲ ਸ਼ਾਇਰ ਦਾ ਸੀ ਜੋ ਅਹਿਸਾਸ ਨਾਲ ਭਰਿਆ ਪਿਆ ਸੀ। ਓਹਨਾਂ ਨੇ ਮਾਮੂਲੀ ਮੁਨਸ਼ੀਗਿਰੀ ਦੀ ਪਦਵੀ ਨੂੰ ਠੁਕਰਾ ਦਿੱਤਾ। ਗ਼ਜ਼ਨੀ ਵਿੱਚ ਰਹਿੰਦਿਆਂ ਪਿਤਾ ਨੇ ਜੋ ਜਾਇਦਾਦ ਬਣਾਈ ਸੀ, ਗ਼ੁੱਸਾ ਖਾਕੇ ਵੇਚ ਦਿੱਤੀ ਤੇ ਆਪਣੇ ਦੋ ਛੋਟੇ ਭਰਾਵਾਂ ਨੂੰ ਨਾਲ ਲੈ ਕੇ ਹਿੰਦੁਸਤਾਨ ਵੱਲ ਚਾਲੇ ਪਾ ਦਿੱਤੇ। ਆਰਥਿਕ ਮੰਦਹਾਲੀ ਨਾਲ ਜੂਝਦਾ ਇਹ ਪਰਿਵਾਰ ਆਖ਼ਿਰ ਇੱਕ ਕਾਫ਼ਲੇ ਨਾਲ ਮੁਲਤਾਨ ਪੁੱਜ ਗਿਆ ਅਤੇ ਏਥੇ ਹੀ ਆਬਾਦ ਹੋ ਗਿਆ। ਇਨ੍ਹਾਂ ਦੇ ਨਾਲ ਇਨ੍ਹਾਂ ਦੇ ਦੋ ਅਫ਼ਗਾਨ ਨੌਕਰ ਵੀ ਨਾਲ ਹੀ ਆਏ ਤੇ ਓਹ ਵੀ ਮੁਲਤਾਨ ਦੇ ਵਾਸੀ ਹੋ ਗਏ। ਗ਼ਜ਼ਨੀ ਵਿੱਚ ਇਨ੍ਹਾਂ ਨੂੰ ਆਮ ਕਰਕੇ ਆਕਾ (ਆਗਾ) ਕਹਿਕੇ ਸੱਦਿਆ ਜਾਂਦਾ ਸੀ, ਇਸ ਲਈ ਮੁਲਤਾਨ ਵਿੱਚ ਜਿੱਥੇ ਇਹ ਆਬਾਦ ਹੋਏ, ਉਸ ਬਸਤੀ ਦਾ ਨਾਂ ਵੀ ਆਗ਼ਾਪੁਰ ਪੈ ਗਿਆ, ਜੋ ਅੱਜ ਤੱਕ ਪ੍ਰਸਿੱਧ ਹੈ।

ਮੁਲਤਾਨ ਵਿੱਚ ਪੁੱਜਿਆਂ ਅਜੇ ਥੋੜ੍ਹਾ ਸਮਾਂ ਹੀ ਬੀਤਿਆ ਸੀ ਕਿ ਇੱਕ ਸਿੱਖ ਪਰਿਵਾਰ ਵਿੱਚ ਭਾਈ ਸਾਹਿਬ ਦੀ ਸ਼ਾਦੀ ਹੋ ਗਈ। ਵਿਚਾਰ ਤਾਂ ਪਹਿਲਾਂ ਹੀ ਸਿੱਖੀ ਵਾਲੇ ਸਨ, ਇਸ ਸ਼ਾਦੀ ਨੇ ਹੋਰ ਵੀ ਪੁੱਠ ਚਾੜ੍ਹ ਦਿੱਤੀ। ਜਿਸ ਦੇ ਫ਼ਲ਼ਸਰੂਪ ਭਾਈ ਸਾਹਿਬ ਦਾ ਪਰਿਵਾਰ ਪੂਰਨ ਗੁਰਸਿੱਖੀ ਵਿੱਚ ਰੰਗਿਆ ਗਿਆ।

ਮੁਲਤਾਨ ਇਨ੍ਹਾਂ ਦਿਨਾਂ ਵਿੱਚ ਤਿਜਾਰਤ ਦਾ ਬਹੁਤ ਵੱਡਾ ਕੇਂਦਰ ਸੀ। ਦਿੱਲੀ ਦਰਵਾਜ਼ੇ ਤੋਂ ਬਾਹਰ ਖੱਤਰੀਆਂ ਦੇ ਘਰ ਸਨ, ਜੋ ਭਾਈ ਸਾਹਿਬ ਨਾਲ ਜੁੜ

ਗਏ ਤੇ ਭਾਈ ਸਾਹਿਬ ਨੇ ਆਪਣਾ ਇੱਕ ਵੱਡਾ ਮਕਾਨ ਬਣਾ ਲਿਆ।

ਸਮੇਂ ਨੇ ਪਲਟਾ ਖਾਧਾ। ਮੁਲਤਾਨ ਦੇ ਹਾਕਮ ਵਸੱਾਫ਼ ਖ਼ਾਨ ਦੀ ਪਾਰਖੂ ਅੱਖ ਨੇ ਭਾਈ ਸਾਹਿਬ ਨੂੰ ਆਪਣਾ ਮੀਰ ਮੁਨਸ਼ੀ ਨਿਯੁਕਤ ਕਰ ਦਿੱਤਾ। ਆਪਣੀ ਮਿਹਨਤ, ਲਗਨ ਤੇ ਈਮਾਨਦਾਰੀ ਕਰਕੇ ਓਹ ਛੇਤੀ ਹੀ ਭੱਖਰ ਦੇ ਫ਼ੌਜਦਾਰ ਤੇ ਸੂਬੇਦਾਰ ਬਣ ਗਏ। ਇਸ ਗੱਲ ਦਾ ਜ਼ਿਕਰ ਭਾਈ ਸਾਹਿਬ ਨੇ ਆਪਣੀ ਪੁਸਤਕ 'ਦਸਤੂਰੁਲਇਨਸ਼ਾ' ਵਿੱਚ ਕੀਤਾ ਹੈ। ਭਾਈ ਸਾਹਿਬ ਨੇ ਆਪਣਾ ਸਬੰਧ ਔਰੰਗਜ਼ੇਬ ਦੇ ਪੁੱਤਰਾਂ-ਸ਼ਹਿਜ਼ਾਦਾ ਆਜ਼ਮ ਅਤੇ ਸ਼ਹਿਜ਼ਾਦਾ ਮੁਹੰਮਦ ਅਕਬਰ ਨਾਲ ਵੀ ਦੱਸਿਆ ਹੈ, ਜੋ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਓਹ ਜ਼ਰੂਰ ਹੀ ਬਹੁਤ ਉੱਚੀ ਪਦਵੀ ਤੇ ਮਾਅਮੂਰ ਰਹੇ ਹੋਣਗੇ। ਜਿਉਂ ਜਿਉਂ ਸਮਾਂ ਬੀਤਦਾ ਗਿਆ ਓਹ ਹੋਰ ਨਾਮਣਾ ਖੱਟਦੇ ਗਏ ਜਿਸ ਸਦਕਾ ਉਹ ਦੀਨਾਪੁਰ, ਕਹਿਰੂੜ, ਫ਼ਤਿਹਪੁਰ ਤੇ ਪਰਗਣਾ ਮਹੀਉਦੀਨਪੁਰਾ ਦੇ ਪਰਬੰਧਕ ਹੋ ਗਏ ਤੇ ਪਿੱਛੋਂ ਮੁਲਤਾਨ ਦੇ ਨਾਇਬ ਸੂਬੇਦਾਰ ਬਣ ਗਏ।

ਪੁਸਤਕ 'ਦਸਤੂਰੁਲਇਨਸ਼ਾ' ਤੋਂ ਪਤਾ ਚਲਦਾ ਹੈ ਕਿ ਦਰ੍ਹਾ ਸੁਲਤਾਨ ਸਰਵਰ ਦੇ ਦੁਆਲੇ ਪਹਾੜੀਆਂ ਵਿੱਚ 'ਸ਼ਾਹੂ' ਨਾਓਂ ਦੇ ਇੱਕ ਡਾਕੂ ਨੇ 7000 ਫ਼ੌਜ ਇਕੱਠੀ ਕੀਤੀ ਹੋਈ ਸੀ ਤੇ ਲੋਕ ਬਹੁਤ ਤੰਗ ਕੀਤੇ ਜਾ ਰਹੇ ਸਨ। ਉਸਦੇ ਟਾਕਰੇ ਲਈ ਭਾਈ ਸਾਹਿਬ ਨੇ ਚੜ੍ਹਾਈ ਕਰ ਦਿੱਤੀ। ਥੋੜ੍ਹੀ ਮੁੱਠਭੇੜ ਤੋਂ ਪਿੱਛੋਂ 'ਸ਼ਾਹੂ' ਗ੍ਰਿਫ਼ਤਾਰ ਕਰ ਲਿਆ ਤੇ ਲਗਭਗ 3000 ਧਾੜਵੀ ਲੁਟੇਰੇ ਮਾਰੇ ਗਏ ਅਤੇ ਰਹਿੰਦੇ 4000 ਨੂੰ ਕੈਦੀ ਬਣਾ ਲਿਆ ਤੇ ਹਰ ਪਾਸੇ ਮੁਕੰਮਲ ਅਮਨ ਕਾਇਮ ਹੋ ਗਿਆ। ਇਸ ਨਾਲ ਭਾਈ ਸਾਹਿਬ ਦੀ ਹਰ ਪਾਸੇ ਧਾਂਕ ਬੈਠ ਗਈ ਅਤੇ ਉਹ ਲੋਕਾਂ ਦਾ ਹਰਮਨ ਪਿਆਰਾ ਬਣ ਗਿਆ।

ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਹੈ ਕਿ ਭਾਈ ਸਾਹਿਬ ਦੇ ਪਿਤਾ, ਛੱਜੂ ਮੱਲ ਔਰੰਗਜ਼ੇਬ ਦੇ ਭਰਾ 'ਦਾਰਾ ਸ਼ਿਕੋਹ' ਦੇ ਬਹੁਤ ਪਸੰਦੀਦਾ ਮੁਲਾਜ਼ਮ ਤੇ ਵਿਦਵਾਨ ਸਨ ਤੇ ਭਾਈ ਸਾਹਿਬ ਵੀ ਉਸਦਾ ਬਹੁਤ ਪਿਆਰਾ ਮਿੱਤਰ ਸੀ ਜਦ ਕਿ ਔਰੰਗਜ਼ੇਬ ਆਪਣੇ ਵੱਡੇ ਭਰਾ ਦਾਰਾ ਦਾ ਜਾਨੀ ਦੁਸ਼ਮਣ ਸੀ। ਉਸ ਨੂੰ ਇਹ ਮਿੱਤਰਤਾ ਕਿਵੇਂ ਸੁਖਾਵੀਂ ਹੋ ਸਕਦੀ ਸੀ। ਸੋ ਔਰੰਗਜ਼ੇਬ ਨੂੰ ਭਾਈ ਸਾਹਿਬ ਬਹੁਤ ਚੁਭਣ ਲੱਗ ਪਏ ਤੇ ਉਸਦਾ ਮਨ ਘ੍ਰਿਣਾ ਨਾਲ ਭਰ ਗਿਆ। ਬੱਸ ਇਸ ਗੱਲ ਦੀ ਆੜ ਲੈ ਕੇ ਔਰੰਗਜ਼ੇਬ ਨੇ ਭਾਈ ਸਾਹਿਬ ਤੇ ਨਿਗਰਾਨੀ ਆਰੰਭ ਕਰ ਦਿੱਤੀ। ਭਾਈ ਸਾਹਿਬ ਨੇ ਇਹ ਵਤੀਰਾ ਨਾ ਕਬੂਲਦਿਆਂ ਹੋਇਆਂ ਸ਼ਾਹੀ ਨੌਕਰੀ ਨੂੰ ਲੱਤ ਮਾਰ ਦਿੱਤੀ।

ਇਸ ਪਿੱਛੋਂ ਭਾਈ ਸਾਹਿਬ ਦੇ ਅਟੋਕ ਤੇ ਆਜ਼ਾਦ ਜੀਵਨ ਦਾ ਆਰੰਭ ਹੋਇਆ। ਸਿੱਖ ਧਰਮ ਦੇ ਅਧਿਐਨ ਨੇ ਅਤੇ ਪਤਨੀ ਪਰਿਵਾਰ ਦੇ ਪ੍ਰਭਾਵ ਨੇ ਗੁਰੂ ਦਰਸ਼ਨ ਲਈ ਸਿੱਕ ਪੈਦਾ ਕਰ ਦਿੱਤੀ। ਆਪਣੇ ਪਰਿਵਾਰ ਨੂੰ ਮੁਲਤਾਨ ਵਿਖੇ ਛੱਡ ਕੇ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਸ਼ਨਾਂ ਲਈ ਘਰੋਂ ਚੱਲ ਪਏ। ਓਹ ਪਹਿਲਾਂ ਲਾਹੌਰ ਪੁੱਜੇ ਜਿੱਥੋਂ ਆਪਣੇ ਇੱਕ ਦੋ ਸਾਥੀਆਂ ਸਮੇਤ ਦਰਬਾਰ ਸਾਹਿਬ ਅੰਮ੍ਰਿਤਸਰ ਆਏ ਜਿੱਥੇ ਉਹਨਾਂ ਨੇ ਦੋ ਦਿਨ ਕੀਰਤਨ ਦਾ ਆਨੰਦ ਮਾਣਿਆਂ ਤੇ ਤੀਜੇ ਦਿਨ ਤੜਕਸਾਰ

ਅੰਮ੍ਰਿਤਸਰੋਂ ਰਵਾਨਾ ਹੋਕੇ ਓਹ ਮਾਖੋਵਾਲ਼ (ਆਨੰਦਪੁਰ ਸਾਹਿਬ) ਪੁੱਜ ਗਏ। ਗੁਰੂ ਜੀ ਦੇ ਦਰਸ਼ਨ ਕਰਦਿਆਂ ਹੀ ਓਹਨਾਂ ਦੇ ਅਨਿਨ ਸਿੱਖ ਬਣ ਗਏ ਤੇ ਲੰਗਰ ਦੀ ਸੇਵਾ ਵਿੱਚ ਲੀਨ ਹੋ ਗਏ ਤੇ 'ਖ਼ਾਕਬੋਸ ਪਾਏ ਗੁਰੂ ਗੋਬਿੰਦ ਸਿੰਘ' ਹੋ ਗਏ। ਇਹ ਗੱਲ ਸਤੰਬਰ ਸੰਨ 1685 ਦੀ ਹੈ।

ਸ਼ਹਿਜ਼ਾਦਾ ਮੁਅੱਜ਼ਮ ਗੁਰੂ ਜੀ ਦਾ ਬਹੁਤ ਸ਼ਰਧਾਲੂ ਤੇ ਗੂਹੜਾ ਮਿੱਤਰ ਸੀ। ਸੰਨ 1695 ਵਿੱਚ ਜਦੋਂ ਉਹ ਆਗਰੇ ਦਾ ਸੂਬੇਦਾਰ ਬਣਿਆ ਤਾਂ ਉਸਨੇ ਭਾਈ ਨੰਦ ਲਾਲ ਦੀ ਲਿਆਕਤ ਨੂੰ ਮੁੱਖ ਰੱਖਦਿਆਂ ਉਸਨੂੰ ਆਪਣੇ ਪਾਸ ਬੁਲਾਇਆ। ਪਹਿਲਾਂ ਮੁਸਾਹਿਬ, ਫੇਰ ਮੀਰ ਮੁਨਸ਼ੀ ਤੇ ਫੇਰ ਸੂਬੇਦਾਰ ਤਈਨਾਤ ਕਰ ਦਿੱਤਾ ਅਤੇ ਸ਼ਾਹ ਨੇ ਉਸਦੀ ਵਿਦਵਤਾ ਨੂੰ ਸਤਿਕਾਰਦਿਆਂ ਉਸਨੂੰ ਆਪਣੇ ਪੁੱਤਰਾਂ ਦਾ ਅਤਾਲੀਕ ਬਣਾ ਦਿੱਤਾ।

ਔਰੰਗਜ਼ੇਬ ਭਾਵੇਂ ਪੜ੍ਹਿਆ ਲਿਖਿਆ ਤਾਂ ਨਹੀਂ ਸੀ ਪਰ ਉਹ ਕੁਰਾਨ ਮਜੀਦ ਦੀਆਂ ਆਯਤਾਂ ਦਾ ਮੁਦੱਬਰ ਤੇ ਹਾਫ਼ਜ ਮੌਲਵੀਆਂ ਪਾਸੋਂ ਅਰਥ ਕਰਵਾ ਕੇ ਬਹੁਤ ਧਿਆਨ ਨਾਲ ਸੁਣਿਆ ਕਰਦਾ ਸੀ। ਇੱਕ ਦਿਨ ਸ਼ਾਹ ਨੂੰ ਇੱਕ ਆਯਤ ਨੂੰ ਸਪਸ਼ਟ ਕਰਾਉਣ ਦੀ ਲੋੜ ਪੈ ਗਈ। ਉਸਨੇ ਮਜਲਸੇ ਉਲਮਾ-ਏ-ਦੀਨ ਬੁਲਾਈ ਪਰ ਉਸਦੀ ਤਸੱਲੀ ਨਾ ਹੋਈ। ਕਿਹਾ ਜਾਂਦਾ ਹੈ ਕਿ ਕਿਸੇ ਨੇ ਵਿੱਚੋਂ ਹੀ ਕਹਿ ਦਿੱਤਾ ਕਿ ਮੁਨਸ਼ੀ ਨੰਦ ਲਾਲ ਜੋ ਸ਼ਾਹ ਦੇ ਬੱਚਿਆਂ ਦੇ ਅਤਾਲੀਕ ਹਨ, ਨੂੰ ਬੁਲਾ ਕੇ ਅਰਥ ਕਰਵਾਇਆ ਜਾਵੇ। ਸ਼ਾਹ ਨੇ ਝੱਟ ਭਾਈ ਸਾਹਿਬ ਨੂੰ ਤਲਬ ਕਰ ਲਿਆ। ਹਾਜ਼ਰ ਹੋ ਕੇ ਉਹਨਾਂ ਨੇ ਸਪਸ਼ਟ ਤੇ ਦਲੀਲ ਭਰਪੂਰ ਮਫ਼ਹੂਮ ਸ਼ਾਹ ਅੱਗੇ ਰੱਖਿਆ ਕਿ ਸਾਰੇ ਹੈਰਾਨ ਰਹਿ ਗਏ ਤੇ ਸ਼ਾਹ ਕਾਫ਼ੀ ਚਿਰ ਅੱਖਾਂ ਮੀਟ ਅਹਿੱਲ ਬੈਠਾ ਰਿਹਾ। ਜਦੋਂ ਉਸਨੇ ਅੱਖਾਂ ਖੋਲ੍ਹੀਆਂ ਤਾਂ ਉਹ ਗੁੱਸੇ ਵਿੱਚ ਲਾਲ ਪੀਲਾ ਹੋਇਆ ਕੰਬ ਰਿਹਾ ਸੀ। ਸ਼ਾਹੀ ਫ਼ਰਮਾਨ ਹੋਇਆ ਕਿ ਸ਼ਾਹਿਨਸ਼ਾਹ ਨਹੀਂ ਚਾਹੁੰਦੇ ਕਿ ਮਤਬਰੱਕ ਕੁਰਆਨ ਦਾ ਏਡਾ ਸੁਚੱਜਾ ਵਿਆਖਿਆਕਾਰ ਕੋਈ ਗ਼ੈਰ ਮੁਸਲਮ ਹੋਵੇ। ਇਸ ਮੰਤਵ ਲਈ ਭਾਈ ਸਾਹਿਬ 'ਫ਼ਤਵਾ-ਏ- ਆਲਮਗੀਰੀ' ਦੀ ਜ਼ੱਦ ਵਿੱਚ ਆ ਗਏ। ਓਹਨਾਂ ਨੂੰ ਮੁਸਲਮਾਨ ਬਣਨ ਦੀ ਪੇਸ਼ਕਸ਼ ਕੀਤੀ ਗਈ। ਪਰ ਭਾਈ ਸਾਹਿਬ ਤਾਂ ਗੁਰੂ ਗੋਬਿੰਦ ਸਿੰਘ ਦੇ ਅਨਿਨ ਸਿੱਖ ਸਨ, ਉਹ ਕਦੋਂ ਇਸਲਾਮ ਕਬੂਲ ਕਰ ਸਕਦੇ ਸਨ। ਜਦੋਂ ਕੋਈ ਚਾਰਾ ਨਾ ਚੱਲਿਆ ਤਾਂ ਉਹਨਾਂ ਨੂੰ ਕਤਲ ਕਰ ਦੇਣ ਦਾ ਹੁਕਮ ਦਿੱਤਾ ਗਿਆ। ਪਰ ਸ਼ਾਹ ਦੇ ਪੁੱਤਰ ਜੋ ਭਾਈ ਸਾਹਿਬ ਦੀ ਵਿਦਵਤਾ, ਸੁਚੱਜੀ ਸਰਪ੍ਰਸਤੀ ਤੇ ਅਤਾਲੀਕੀ ਦੇ ਰਿਣੀ ਸਨ, ਉਹਨਾਂ ਨੂੰ ਬਾਦਸ਼ਾਹ ਦਰਵੇਸ਼ ਤੇ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਪਾਸ ਨਾਟਕੀ ਢੰਗ ਨਾਲ ਕਿਲੇ ਵਿੱਚੋਂ ਕੱਢ ਕੇ ਪੁਚਾਉਣ ਵਿੱਚ ਸਫ਼ਲ ਹੋ ਗਏ।

ਮੌਤ ਦਾ ਫ਼ਤਵਾ ਦੇਣ ਪਿੱਛੋਂ ਭਾਈ ਸਾਹਿਬ ਉੱਤੇ ਕੜੀ ਨਿਗਰਾਨੀ ਰੱਖੀ ਜਾਣ ਲੱਗੀ ਤੇ ਉਹਨਾਂ ਦੇ ਕਿਲੇ ਤੋਂ ਬਾਹਰ ਆਉਣ ਉੱਤੇ ਪਾਬੰਦੀ ਲੱਗ ਗਈ। ਕਤਲ ਦਾ ਦਿਨ ਨੀਯਤ ਕੀਤਾ ਗਿਆ। ਆਖ਼ਿਰ ਸ਼ਹਿਜ਼ਾਦਿਆਂ ਨੂੰ ਇੱਕ ਤਰਕੀਬ ਸੁੱਝੀ। ਉਹਨਾਂ ਨੇ ਵੇਖਿਆ ਕਿ ਦਰਿਆ ਜਮਨਾ ਕਿਲੇ ਦੇ ਨਾਲ ਵਗਦਾ ਹੈ ਤੇ ਪਾਣੀ

ਵੀ ਬਹੁਤਾ ਡੂੰਘਾ ਨਹੀਂ ਹੈ। ਰਾਤ ਨੂੰ ਉਹਨਾਂ ਨੇ ਇੱਕ ਪੱਥਰ ਪਾਣੀ ਵਿੱਚ ਗਿਰਾ ਦਿੱਤਾ ਜਿਸ ਦੀ ਆਵਾਜ਼ ਸੁਣ ਕੇ ਪਹਿਰੇਦਾਰ ਭੱਜੇ ਆਏ। ਏਧਰ ਓਧਰ ਵੇਖਿਆ। ਪਤਾ ਲੱਗਾ ਕਿ ਕੁਝ ਬਾਂਦਰ ਫਿਰ ਰਹੇ ਹਨ ਜਿਨ੍ਹਾਂ ਨੇ ਇਹ ਸ਼ਰਾਰਤ ਕੀਤੀ ਹੈ। ਇਸ ਤਰ੍ਹਾਂ ਦੋ ਤਿੰਨ ਦਿਨ ਹੁੰਦਾ ਰਿਹਾ ਤੇ ਪਹਿਰੇਦਾਰ ਚੁਕੰਨੇ ਹੁੰਦੇ ਰਹੇ। ਪਰ ਜਦੋਂ ਕਈ ਦਿਨ ਇਹ ਪੱਥਰ ਡਿੱਗਣ ਦਾ ਸਿਲਸਲਾ ਜਾਰੀ ਰਿਹਾ ਤਾਂ ਪਹਿਰੇਦਾਰ ਵੀ ਠੰਡੇ ਹੋ ਗਏ। ਇਸ ਨਾਟਕੀ ਵਿਉਂਤ ਦਾ ਲਾਭ ਉਠਾ ਕੇ ਉਹਨਾਂ ਨੇ ਇੱਕ ਰਾਤ ਭਾਈ ਨੰਦ ਲਾਲ ਪਾਸੋਂ ਛਾਲ ਮਰਵਾ ਦਿੱਤੀ। ਖੜਾਕ ਹੋਇਆ ਜਿਸ ਨੂੰ ਪਹਿਰੇਦਾਰਾਂ ਨੇ ਬਾਂਦਰਾਂ ਦਾ ਕਾਰਨਾਮਾ ਹੀ ਸਮਝਿਆ। ਇਸ ਪ੍ਰਕਾਰ ਭਾਈ ਸਾਹਿਬ ਕਾਲ਼ੀ ਰਾਤ ਦੇ ਪੜਦੇ ਵਿੱਚ ਕਿਲ੍ਹੇ 'ਚੋਂ ਨਿੱਕਲ ਅਨੰਦਪੁਰ ਵੱਲ ਚੱਲ ਪਏ ਤੇ ਲਾਹੌਰ ਤੋਂ ਗਿਆਸੁਲਦੀਨ ਨੂੰ ਨਾਲ ਲੈ ਕੇ ਅਨੰਦਪੁਰ ਵਿਖੇ ਗੁਰਦਰਬਾਰ ਵਿੱਚ ਪਨਾਹ ਗਜ਼ੀਨ ਹੋਏ। ਉਧਰ ਔਰੰਗਜ਼ੇਬ ਨੂੰ ਜਦੋਂ ਭਾਈ ਸਾਹਿਬ ਦੇ ਬਚ ਨਿਕਲਣ ਦਾ ਪਤਾ ਲੱਗਿਆ ਤਾਂ ਉਹ ਅੱਗ ਬਗੋਲਾ ਹੋ ਗਿਆ। ਮੈਂ ਸਮਝਦਾ ਹਾਂ ਕਿ ਗੁਰੂ ਜੀ ਨਾਲ ਔਰੰਗਜ਼ੇਬ ਦੀ ਲੜਾਈ ਹੋਰ ਬਹੁਤ ਸਾਰੇ ਕਾਰਨਾ ਦੇ ਨਾਲ ਇੱਕ ਕਾਰਣ ਗੁਰੂ ਜੀ ਦਾ ਸ਼ਾਹ ਨੂੰ ਨੰਦ ਲਾਲ ਦੀ ਵਾਪਸੀ ਤੋਂ ਇਨਕਾਰ ਵੀ ਸੀ।

ਅਨੰਦਪੁਰ ਉਹਨਾਂ ਦਿਨਾਂ ਵਿੱਚ ਭਗਤੀ ਤੇ ਸ਼ਕਤੀ ਦਾ ਸੋਮਾਂ ਸੀ। ਇਹ ਇੱਕ ਅਜਿਹੀ ਟਕਸਾਲ ਮਕਤਬ ਸੀ ਜਿੱਥੇ ਪਹਿਲਾ ਪਾਠ ਹੀ ਇਨਸਾਨੀਅਤ ਦੀ ਰਾਖੀ ਦਾ ਦਿੱਤਾ ਜਾਂਦਾ ਸੀ। ਇਥੋਂ ਦੇ ਅਦਬੀ ਵਾਤਾਵਰਨ ਨੇ ਭਾਈ ਸਾਹਿਬ ਦੀਆਂ ਸੁੱਤੀਆਂ ਸਧਰਾਂ ਜਗਾ ਦਿੱਤੀਆਂ। ਬੱਸ ਫੇਰ ਕੀ ਸੀ ਚਿਰਾਂ ਤੋਂ ਨਪੀੜੇ ਵਲਵਲੇ ਫੁੱਟ ਨਿਕਲੇ ਤੇ ਕਾਵਿ ਸਾਗਰ ਠਾਠਾਂ ਮਾਰਨ ਲੱਗਾ ਤੇ ਉੱਚ ਕੋਟੀ ਦੇ ਸਾਹਿਤ ਨਾਲ ਸਾਹਿਤ ਦਾ ਖਜ਼ਾਨਾ ਭਰਪੂਰ ਕੀਤਾ ਅਤੇ ਸਾਰੇ ਕਲਾਮ ਵਿੱਚ ਆਪਣਾ ਉਪਨਾਮ 'ਗੋਯਾ' ਵਰਤਿਆ। ਗੁਰੂ ਦਸਮੇਸ਼ ਨੇ ਪ੍ਰਸੰਨ ਹੋ ਕੇ ਇਹਨਾਂ ਨੂੰ ਭਾਈ ਸਾਹਿਬ ਕਹਿ ਕੇ ਸਤਿਕਾਰਿਆ ਤੇ 'ਸ਼੍ਰੋਮਣੀ ਕਵੀ' ਦਾ ਰੁਤਬਾ ਬਖ਼ਸ਼ਿਆ।

ਭਾਈ ਸਾਹਿਬ ਸੰਨ 1704 ਤੱਕ ਆਨੰਦਪੁਰ ਰਹੇ। ਸੰਨ 1705-06 ਵਿੱਚ ਉਹ ਕਿੱਥੇ ਰਹੇ, ਇਸ ਦਾ ਪਤਾ ਨਹੀਂ ਲੱਗਦਾ। ਪਰ ਸੰਨ 1707 ਵਿੱਚ ਜਦੋਂ ਔਰੰਗਜ਼ੇਬ ਦੀ ਮੌਤ ਹੋ ਗਈ, ਉਹ ਫੇਰ ਸ਼ਹਿਜ਼ਾਦਾ ਮੁਅਜ਼ੱਮ ਪਾਸ ਜੋ ਗੁਰੂ ਮਹਾਰਾਜ ਦਾ ਦੋਸਤ ਸੀ, ਚਲੇ ਗਏ। ਜਦੋਂ 'ਮੁਅਜ਼ੱਮ' ਆਪਣੇ ਭਰਾ 'ਆਜ਼ਮ' ਨੂੰ ਹਰਾਉਣ ਪਿੱਛੋਂ 'ਬਹਾਦਰਸ਼ਾਹ' ਦੇ ਲਕਬ ਨਾਲ ਦਿੱਲੀ ਦੇ ਤਖ਼ਤ ਤੇ ਬੈਠਿਆ ਤਾਂ ਭਾਈ ਸਾਹਿਬ ਦੀ ਅਗਵਾਹੀ ਵਿੱਚ ਉਸਨੇ ਸ੍ਰੀ ਗੁਰੂ ਗੋਬਿੰਦ ਸਿੰਘ ਨੂੰ ਸ਼ਾਹੀ ਦਰਬਾਰ ਵਿੱਚ 'ਖ਼ਿਲਅਤ ਖ਼ਾਸ' ਨਾਲ ਸਤਿਕਾਰਿਆ।

ਏਸ ਸਮੇਂ 'ਕਾਮ ਬਖ਼ਸ਼' ਨੇ ਦੱਖਣ ਵਿੱਚ ਬਗਾਵਤ ਕਰ ਦਿੱਤੀ। ਜਦੋਂ ਬਹਾਦਰਸ਼ਾਹ ਉਸਦੇ ਟਾਕਰੇ ਲਈ ਰਵਾਨਾ ਹੋਇਆ ਤਾਂ ਉਹ ਗੁਰੂ ਸਾਹਿਬ ਅਤੇ ਨੰਦ ਲਾਲ ਨੂੰ ਵੀ ਆਪਣੇ ਨਾਲ ਲੈ ਗਿਆ। ਇਸ ਗੱਲ ਦਾ ਪਤਾ ਪੁਸਤਕ 'ਦਸਤੂਰੁਲਇਨਸ਼ਾ' ਤੋਂ ਚੱਲਦਾ ਹੈ। ਇਹ ਵੀ ਪਤਾ ਚੱਲਦਾ ਹੈ ਕਿ ਭਾਈ ਸਾਹਿਬ

ਸੰਨ 1713 ਤੱਕ ਜ਼ਿੰਦਾ ਸਨ। ਢਾਡੀ ਨੱਥਮੱਲ ਦੇ ਲਿਖੇ 'ਅਮਰਨਾਮਾ' ਜਿਸ ਦਾ ਮੈਂ ਪਹਿਲਾਂ ਫ਼ਾਰਸੀ ਕਵਿਤਾ ਤੋਂ ਪੰਜਾਬੀ ਕਵਿਤਾ ਵਿੱਚ ਅਨੁਵਾਦ ਕਰ ਚੁੱਕਾ ਹਾਂ, ਵਿੱਚੋਂ ਸਪਸ਼ਟ ਹੁੰਦਾ ਹੈ ਕਿ ਭਾਈ ਸਾਹਿਬ ਨੰਦੇੜ (ਹਜ਼ੂਰ ਸਾਹਿਬ) ਵਿਖੇ ਗੁਰੂ ਜੀ ਦੇ ਨਾਲ ਸਨ। 'ਅਮਰਨਾਮਾ' ਵਿੱਚ ਭਾਈ ਨੱਥਮੱਲ ਇੱਕ ਸ਼ੇਅਰ ਇਝ ਲਿਖਦਾ ਹੈ।

ਜ਼ ਵੁਜ਼ਰਾਇ ਸੁਲਤਾਂ ਬੁਦਾ ਨੰਦਲਾਲ।
ਸ਼ੁਦਾ ਹਮਰਹੇ ਸ਼ਾਹਿ ਬਾਲਾ-ਕਮਾਲ।

ਅਮਰਨਾਮਾ, ਸ਼ੇਅਰ ਨੰ: 42

**ਅਰਥਾਤ**

ਜਿੰਨੇ ਵੀ ਸਨ ਬਾਦਸ਼ਾਹ ਦੇ ਵਜ਼ੀਰ।
ਸੀ ਨੰਦ ਲਾਲ ਸਭ ਤੋਂ ਅਕਲ ਦਾ ਅਮੀਰ।

'ਅਮਰਨਾਮਾ' ਸੰਨ 1707-08 ਵਿੱਚ ਲਿਖਿਆ ਗਿਆ ਹੈ। ਇਸ ਤੋਂ ਸਿੱਧ ਹੁੰਦਾ ਕਿ ਸੰਨ 1708 ਵਿੱਚ ਭਾਈ ਨੰਦ ਲਾਲ, ਬਾਦਸ਼ਾਹ ਬਹਾਦਰ ਸ਼ਾਹ ਦੇ ਖ਼ਾਸ ਰੁਕਨ ਸਨ। ਜੁਲਾਈ 1708 ਵਿੱਚ, ਬਾਦਸ਼ਾਹ ਨੂੰ ਤਾਂ ਕਿਸੇ ਜ਼ਰੂਰੀ ਕੰਮ ਕਰਕੇ ਫ਼ੌਰਨ ਦਿੱਲੀ ਤੇ ਫੇਰ ਆਗਰਾ ਪਰਤਣਾ ਪੈ ਗਿਆ, ਭਾਈ ਸਾਹਿਬ ਗੁਰੂ ਜੀ ਦੇ ਕੋਲ ਹੀ ਠਹਿਰੇ ਰਹੇ। ਦਸੰਬਰ ਸੰਨ 1708 ਨੂੰ ਜਦੋਂ ਗੁਰੂ ਜੀ ਜੋਤੀ ਜੋਤ ਸਮਾਏ, ਉਹ ਵਾਪਸ ਦਿੱਲੀ ਆ ਗਏ। ਸੰਨ 1712 ਵਿੱਚ ਜਦੋਂ ਬਹਾਦਰ ਸ਼ਾਹ ਦੀ ਮੌਤ ਹੋ ਗਈ ਤਾਂ ਉਹ ਵਾਪਸ ਆਪਣੇ ਪਰਿਵਾਰ ਪਾਸ ਮੁਲਤਾਨ ਆ ਗਏ ਜਿੱਥੇ ਸੰਨ 1713 ਵਿੱਚ ਉਹ ਸੁਵਰਗਵਾਸ ਹੋ ਗਏ।

ਭਾਈ ਸਾਹਿਬ ਦੀ ਯਾਦ ਵਿੱਚ ਇੱਕ ਉੱਚ ਪਾਏ ਦਾ ਵਿੱਦਿਆ ਕੇਂਦਰ ਜਿਸ ਦੇ ਕਦੀ ਓਹ ਆਪ ਹੀ ਮੁੱਖ ਅਧਿਆਪਕ ਰਹੇ ਸਨ, ਅੱਜ ਵੀ ਮੁਲਤਾਨ ਵਿਖੇ ਖੰਡਰ ਰੂਪ ਵਿੱਚ ਬੀਤੇ ਦੀਆਂ ਬਾਤਾਂ ਤਾਜ਼ਾ ਕਰ ਰਿਹਾ ਹੈ। ਮੈਨੂੰ ਇਸ ਸਕੂਲ ਦੇ ਖੰਡਰਾਤ ਦੇ ਦਰਸ਼ਨ ਕਰਨ ਦਾ ਮਾਣ ਪ੍ਰਾਪਤ ਹੈ।

ਭਾਈ ਸਾਹਿਬ ਦਾ ਲਗਭਗ ਸਾਰਾ ਕਲਾਮ ਫ਼ਾਰਸੀ ਭਾਸ਼ਾ ਵਿੱਚ ਹੈ। ਉਂਝ ਤਾਂ ਸਾਰਾ ਹੀ ਲਾਜਵਾਬ ਹੈ ਪਰ 'ਜ਼ਿੰਦਗੀ ਨਾਮਾ' 'ਦੀਵਾਨਿ ਗੋਯਾ' ਅਤੇ 'ਅਰਜ਼ੁਲ ਅਲਫ਼ਾਜ਼' ਦਾ ਰੰਗ ਨਿਆਰਾ ਹੈ। ਮੈਂ ਦੀਵਾਨਿ ਗੋਯਾ ਦੀਆਂ 63 ਫ਼ਾਰਸੀ ਗ਼ਜ਼ਲਾਂ ਦਾ ਪੰਜਾਬੀ ਗ਼ਜ਼ਲਾਂ ਵਿੱਚ ਅਨੁਵਾਦ ਕਰਕੇ ਸੰਨ 1995 ਵਿੱਚ ਪਾਠਕਾਂ ਤੱਕ ਪੁਚਾ ਚੁੱਕਾ ਹਾਂ ਜੋ ਦੇਸ਼ ਦੇਸ਼ਾਂਤਰਾਂ ਤੱਕ ਪੁੱਜਿਆ ਹੈ ਤੇ ਮੈਂ ਖ਼ੂਬਸੂਰਤ ਹੁੰਘਾਰਿਆਂ ਨਾਲ ਮਾਲਾ ਮਾਲ ਹੋਇਆ ਹਾਂ।

'ਗੋਯਾ' ਦੀਆਂ ਸਾਰੀਆਂ ਕਿਰਤੀਆਂ ਵਿੱਚ ਰੂਹਾਨੀਅਤ ਦਾ ਵਿਸ਼ੇਸ਼ ਸਥਾਨ ਹੈ। ਵਿਸ਼ਾ ਆਮ ਸੂਫ਼ੀਆਂ ਵਾਲਾ ਨਹੀਂ ਕਿ ਜਿਹਨਾਂ ਜਗਤ ਨੂੰ ਹਿਜਰ ਦੀ ਅਗਨ ਭੱਠੀ ਦੱਸਕੇ ਆਸ਼ਕਾਂ ਨੂੰ ਇਸ ਵਿੱਚ ਸੜਦਾ ਦਿਖਾਇਆ ਗਿਆ ਹੋਵੇ, ਸਗੋਂ ਪਿਆਰੇ ਦੇ ਮਿਲਾਪ ਦੀ ਤੀਬਰ ਤਾਂਘ ਹੈ।

ਇਤਿਹਾਸਿਕ ਤੱਥ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦਰਬਾਰ ਵਿੱਚ 52

ਪ੍ਰਸਿੱਧ ਕਵੀ ਸਨ ਜੋ ਭਾਰਤੀ ਪੁਰਾਤਨ ਸਾਹਿਤਿਕ ਵਿਰਸੇ ਨੂੰ ਘੋਖ ਕੇ ਸਾਡੇ ਲੋਕ ਸੱਭਿਆਚਾਰ ਦਾ ਮਾਪ ਤੋਲ ਕਰਦੇ ਸਨ। ਭਾਈ ਨੰਦ ਲਾਲ 'ਗੋਯਾ' ਉਹਨਾਂ ਵਿੱਚੋਂ ਇੱਕ ਸਨ। ਉਂਝ ਤਾਂ ਇਹ ਸਾਰੇ ਹੀ ਗੁਰੂ ਜੀ ਦੇ ਨਾਂ ਤੋਂ ਕੁਰਬਾਨ ਜਾਂਦੇ ਸਨ ਪਰ ਭਾਈ ਨੰਦ ਲਾਲ ਜੀ ਨੂੰ ਉਹਨਾਂ ਪ੍ਰਤੀ ਅਗਾਧ ਸ਼ਰਧਾ ਸੀ। ਇਸ ਅਗਾਧ ਸ਼ਰਧਾ ਦੇ ਸਦਕੇ ਹੀ ਕਾਵਿ-ਜਗਤ ਦੇ ਕਿਵਾੜ ਖੁੱਲ੍ਹ ਗਏ। ਫੇਰ ਕੀ ਸੀ ਕਿ ਅਧਿਆਤਮਕ ਖੇਤਰ ਵਿੱਚ ਇੱਕ ਨਵਾਂ ਤੇ ਅਨੋਖਾ ਮੋੜ ਲੈ ਆਂਦਾ ਅਤੇ ਆਪਣੇ ਪਿਆਰੇ ਦੇ ਵਸਲ ਦੇ ਹਕੱਾਨੀ ਨਗ਼ਮੇਂ ਅਲਾਪਣੇ ਆਰੰਭ ਕਰ ਦਿੱਤੇ ਜਿਨ੍ਹਾਂ ਵਿੱਚ ਕਾਵਿ ਚੁਸਤੀ, ਵਿਚਾਰ ਉਡਾਰੀ, ਨਾਜ਼ਕ ਬਿਆਨੀ ਤੇ ਬਾਂਕਪਨ ਨੂੰ ਏਨੀ ਸਫ਼ਲਤਾ ਨਾਲ ਬਿਆਨਿਆ ਕਿ ਵੱਡੇ ਵੱਡੇ ਸ਼ੁਅਰਾ ਨੂੰ ਅੰਗੁਸ਼ਤ ਬਦੰਦਾਂ ਕਰ ਦਿੱਤਾ। ਦਰਸ਼ਨ ਪੱਖ ਏਨਾਂ ਨਿੱਗਰ ਹੈ ਕਿ ਫ਼ਾਰਸੀ ਦੇ ਪ੍ਰਸਿੱਧ ਕਵੀ ਹਾਫ਼ਜ਼, ਰੂਮੀ, ਉਰਫ਼ੀ ਤੇ ਸਾਅਦੀ ਵਰਗਿਆਂ ਦੇ ਹਿਜਰ ਡੁੱਬੇ ਰੋਂਦੂ ਵਿਚਾਰਾਂ ਦੇ ਵਿਰੁੱਧ ਬਗ਼ਾਵਤ ਕਰਕੇ ਸਦਾ ਹੀ ਵਲਵਲਾ ਭਰਪੂਰ ਖੁਸ਼ਖ਼ਬਰੀ ਸੁਣਾਈ ਕਿ ਮਹਿਬੂਬ ਤਾਂ ਇਸ ਦਿਸਦੇ ਸੰਸਾਰ ਵਿੱਚ ਰੂਹ ਬਣ ਕੇ ਰਚਿਆ ਹੋਇਆ ਹੈ ਜਿਸਦੀ ਨੂਰੀ ਝਲਕ ਹਰ ਵੇਖਣ ਵਾਲੀ ਅੱਖ ਪ੍ਰਾਪਤ ਕਰ ਸਕਦੀ ਹੈ ਤੇ ਹਰ ਰੱਬੀ ਆਸ਼ਕ ਵਸਲ ਦਾ ਆਨੰਦ ਮਾਣ ਸਕਦਾ ਹੈ। ਇਸ ਤਰ੍ਹਾਂ ਆਪਣੇ ਮਹਿਬੂਬ ਗੁਰੂ ਦੀ ਛੱਤਰ ਛਾਯਾ ਹੇਠ ਇਸ਼ਕ ਇਲਾਹੀ ਦਾ ਵੇਗ ਜਾਗ ਪਿਆ ਅਤੇ ਇਹ ਵਿਚਾਰ ਕਾਵਿ ਜਗਤ ਵਿੱਚ ਗ਼ੈਰ ਮਾਮੂਲੀ ਪ੍ਰਸਿੱਧੀ ਪ੍ਰਾਪਤ ਕਰ ਗਏ ਜਿਨ੍ਹਾਂ ਨੂੰ ਭਾਈ ਸਾਹਿਬ ਨੇ 'ਬੰਦਗੀ ਨਾਮਾ' ਦਾ ਨਾਓਂ ਦਿੱਤਾ ਤੇ ਗੁਰੂ ਮਹਾਰਾਜ ਨੇ ਆਪਣੀ ਕਲਮ ਨਾਲ 'ਜ਼ਿੰਦਗੀ ਨਾਮਾ' ਲਿਖ ਦਿੱਤਾ।

ਮੈਂ 'ਜ਼ਿੰਦਗੀ ਨਾਮਾ' ਮਸਨਵੀ ਦੇ 511 ਫ਼ਾਰਸੀ ਅਸ਼ਆਰ 511 ਪੰਜਾਬੀ ਅਸ਼ਆਰ ਵਿੱਚ ਉਲਥਾ ਕੇ ਤੁਹਾਡੇ ਰੂਬਰੂ ਕਰਨ ਦਾ ਹੀਆਂ ਕੀਤਾ ਹੈ ਤਾਂ ਜੋ ਪੰਜਾਬੀ ਸੰਸਾਰ ਨੂੰ ਭਾਈ ਸਾਹਿਬ ਦੇ ਕਾਵਿ-ਜਗਤ ਦੀ ਝਲਕ ਪ੍ਰਾਪਤ ਹੋ ਸਕੇ ਤੇ ਓਹ ਮਹਾਨ ਕਾਵਿਕ-ਵਿਰਸੇ ਨੂੰ ਪਛਾਣ ਕੇ ਅਸਲੀ ਵਾਰਸ ਬਣਨ ਦਾ ਮਾਣ ਪ੍ਰਾਪਤ ਕਰ ਸਕਣ। ਆਸ ਕਰਦਾ ਹਾਂ ਕਿ ਪਾਠਕ ਭਾਈ ਸਾਹਿਬ ਦੇ ਵਿਚਾਰਾਂ ਦਾ ਆਨੰਦ ਮਾਣਨਗੇ ਅਤੇ ਮੇਰੇ ਕੀਤੇ ਇਸ ਅਨੁਵਾਦ ਪ੍ਰਤੀ ਆਪਣੇ ਵੱਡਮੁੱਲੇ ਵਿਚਾਰ ਮੇਰੇ ਤੀਕ ਅਪੜਾਉਣਗੇ। ਮੈਂ ਅਤਿ ਧੰਨਵਾਦੀ ਹੋਵਾਂਗਾ। ਨਾਲ ਹੀ ਮੈਂ ਤਹਿਦਿਲ ਤੋਂ ਮਸ਼ਕੂਰ ਹਾਂ ਸ: ਬੰਤਾ ਸਿੰਘ ਘੜਾਣੀ ਜਿਹੇ ਮਿੱਤਰਾਂ ਅਤੇ ਅਨੇਕਾਂ ਸਾਹਿਤ ਸਭਾਵਾਂ ਦਾ ਜਿਨ੍ਹਾਂ ਨੇ ਮੈਨੂੰ ਸਨਮਾਨਤ ਕਰਕੇ ਮਨ ਤੇ ਧਨ ਨਾਲ ਇਸ ਪੁਸਤਕ ਦੇ ਛਪਣ ਵਿੱਚ ਆਪਣਾ ਯੋਗਦਾਨ ਪਾਇਆ।

ਮੈਂ ਆਪਣੀ ਨਿਗੂਣੀ ਜਿਹੀ ਸੂਝ ਅਨੁਸਾਰ ਜੋ ਅਰਪਣ ਕਰ ਰਿਹਾ ਹਾਂ, ਇਹ ਅੰਤਮ ਫ਼ੈਸਲਾ ਨਹੀਂ, ਕੇਵਲ ਇੱਕ ਤੁੱਛ ਜਿਹਾ ਯਤਨ ਹੈ। ਇਸ ਲਈ ਅਨੇਕਾਂ ਘਾਟਾਂ ਤੁਹਾਨੂੰ ਪ੍ਰਤੀਤ ਹੋ ਸਕਦੀਆਂ ਹਨ ਜੋ ਅਨੁਵਾਦ ਦੀ ਕਲਾ ਦੇ ਰਾਹ ਦੀਆਂ ਮਜਬੂਰੀਆਂ ਹਨ। ਆਸ ਹੈ ਤੁਸੀਂ ਇਨ੍ਹਾਂ ਮਜਬੂਰੀਆਂ ਦੇ ਸੰਦਰਭ ਵਿੱਚ ਮੇਰੇ ਰਖ਼ਨੇ ਪੁਰ ਕਰ ਦਿਉਗੇ।

ਮੇਰਾ ਤਜਰਬਾ ਕੋਈ ਸ਼ੇਅਰਾਂ ਦੀ ਤਸ਼ਰੀਹ ਨਹੀਂ। ਮੈਂ ਤਾਂ ਲੇਖਕ ਦੇ ਵਿਚਾਰਾਂ ਦੇ ਭਾਵ-ਅਰਥਾਂ ਦੀ ਸੀਮਾਂ ਵਿੱਚ ਹੀ ਰਹਿ ਕੇ ਉਲਥਾਇਆ ਹੈ। ਆਪਣੇ ਵੱਲੋਂ ਵਾਧਘਾਟ ਕਰਨ ਤੋਂ ਪੂਰਾ ਸੰਕੋਚ ਕੀਤਾ ਹੈ ਤੇ ਬਹਿਰ ਨੂੰ ਮਸਨਵੀ ਬਹਿਰ ਵਿੱਚ ਹੀ ਨਿਭਾਉਣ ਦਾ ਪੂਰਾ ਧਿਆਨ ਰੱਖਿਆ ਹੈ। ਅੰਤ ਵਿੱਚ ਮੈਂ ਜੋ ਸ਼ਬਦ 'ਦੀਵਾਨਿ-ਗੋਯਾ' ਵਿੱਚ ਕਹੇ ਸਨ, ਉਹਨਾਂ ਨੂੰ ਹੀ 'ਜ਼ਿੰਦਗੀ ਨਾਮਾ' ਵਿੱਚ ਦੁਹਰਾਉਂਦਾ ਹਾਂ ਕਿ ਮੈਂ ਤਾਂ ਆਲਮੀ ਪ੍ਰਸਿੱਧੀ ਵਾਲੇ ਵਿਗਿਆਨੀ ਆਈਜ਼ਕ ਨਿਊਟਨ ਦੇ ਕਥਨ ਅਨੁਸਾਰ ਅਜੇ ਗਿਆਨ ਦੇ ਸ਼ਹੁਸਾਗਰ ਦੇ ਕੰਢੇ ਕੇਵਲ ਘੋਗੇ ਸਿੱਪੀਆਂ ਤੇ ਕੌਡੀਆਂ ਹੀ ਇਕੱਠੀਆਂ ਕਰ ਰਿਹਾ ਹਾਂ ਤੇ:—

ਮੈਂ ਨਾਅਹਿਲ ਦਹਿਕਾਨ ਵਿਚਾਰਾ
ਦੋਸ਼ ਨਾ ਚਾਹੀਏ ਧਰਨਾ।

ਕਹਿੰਦਾ ਹੋਇਆ ਖੋਜੀਆਂ ਤੇ ਪਾਰਖੂਆਂ ਦੀ ਕਚਿਹਰੀ ਵਿੱਚ ਇਨ੍ਹਾਂ ਸ਼ਬਦਾਂ ਨਾਲ ਹਾਜ਼ਰ ਹਾਂ-

ਸਪੁਰਦਮ ਬਤੋਮਾਇਆ-ਏ-ਖ਼੍ਰੇਸ਼ ਰਾ।
ਤੂ ਦਾਨੀ ਹਿਸਾਬੇ ਕਮੋ ਬੇਸ਼ ਰਾ।

ਗੁਰਦੇਵ ਸਿੰਘ ਪੰਦੋਹਲ (ਡਾ.)
ਐਮ. ਏ., ਆਨਰਜ਼ (ਪੰਜਾਬੀ ਤੇ ਉਰਦੂ)
ਐਮ. ਐਡ., ਪੀ ਐਚ. ਡੀ.

79-ਜੀਵਨ-ਪ੍ਰੀਤ ਕਾਲੋਨੀ,
(ਬੜੇਵਾਲ ਅਵਾਣਾ)
ਫਿਰੋਜ਼ਪੁਰ ਰੋਡ, ਲੁਧਿਆਣਾ
ਫੋਨ:0161-2550660

# ਸੰਖੇਪ ਜੀਵਨੀ

ਨਾਮ : ਨੰਦ ਲਾਲ।

ਤਖ਼ੱਲਸ : ਗੋਯਾ ਅਤੇ ਲਾਲ, ਪੁਸਤਕਾਂ 7 ਫ਼ਾਰਸੀ ਭਾਸ਼ਾ ਅਤੇ 3 ਪੰਜਾਬੀ ਭਾਸ਼ਾ ਵਿੱਚ।

ਜਨਮ ਮਿਤੀ: 1632 ਜਾਂ 33।

ਜਨਮ ਸਥਾਨ: ਦਿੱਲੀ ਜਾਂ ਮੁਲਤਾਨ।

ਪਿਤਾ : ਛੱਜੂ ਮੱਲ, ਆਂਗ੍ਰਸ ਖੱਤਰੀ, ਮੀਰ ਮੁਨਸ਼ੀ ਦਾਰਾ ਸ਼ਿਕੋਹ ਦਾ, ਕਾਬਲ ਵਿੱਚ।

-ਸੰਨ 1639 ਵਿੱਚ ਗ਼ਜ਼ਨੀ ਗਿਆ। ਉਮਰ 6-7 ਸਾਲ।

-ਅਰਬੀ ਫ਼ਾਰਸੀ ਦੀ ਉੱਚ ਵਿੱਦਿਆ ਪ੍ਰਾਪਤ ਕੀਤੀ।

-ਸੰਨ 1652 ਵਿੱਚ ਪਿਤਾ ਦਾ ਦੇਹਾਂਤ ਗ਼ਜ਼ਨੀ ਵਿਖੇ।

-ਸੰਨ 1652 ਵਿੱਚ ਹੀ ਪਿਤਾ ਦੀ ਮੌਤ ਪਿੱਛੋਂ ਇੱਕ ਘਟੀਆ ਨੌਕਰੀ।

-ਪਿਤਾ ਵਾਲੀ ਨੌਕਰੀ ਨਾ ਮਿਲਣ ਤੇ ਅਸਤੀਫ਼ਾ।

-ਸੰਨ 1653 ਵਿੱਚ ਗ਼ਜ਼ਨੀ ਵਿਖੇ ਸਭ ਕੁੱਝ ਵੇਚਕੇ ਆਪਣੇ ਦੋ ਭਰਾਵਾਂ ਸਣੇ ਭਾਰਤ ਵੱਲ।

-ਸੰਨ 1653 ਵਿੱਚ ਮੁਲਤਾਨ ਵਿੱਚ ਵਾਸਾ।

-ਸੰਨ 1654 ਵਿੱਚ ਸਿੱਖ ਪਰਿਵਾਰ ਵਿੱਚ ਸ਼ਾਦੀ।

-ਸੰਨ 1654 ਵਿੱਚ ਹੀ ਮੁਲਤਾਨ ਦੇ ਹਾਕਮ ਵਸੱਾਫ਼ ਖ਼ਾਂ ਪਾਸ ਮੀਰ ਮੁਨਸ਼ੀ ਦੀ ਨੌਕਰੀ।

ਔਲਾਦ : ਪੁੱਤਰ ਲਖਪਤ ਰਾਏ ਅਤੇ ਲੀਲਾ ਰਾਮ।

ਆਨੰਦਪੁਰ : (ਮਾਖੋਵਾਲ) ਸੰਨ 1685 ਵਿੱਚ ਮਾਖੋਵਾਲ (ਆਨੰਦਪੁਰ) ਵਿਖੇ ਗੁਰ ਚਰਨਾਂ ਵਿੱਚ ਹਾਜ਼ਰੀ।

-ਸੰਨ 1687-88 ਵਿੱਚ ਸ਼ਹਿਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਪਾਸ ਮੀਰ ਮੁਨਸ਼ੀ ਦੀ ਨੌਕਰੀ ਆਗਰੇ ਵਿੱਚ।

-ਸੰਨ 1690-91 ਵਿੱਚ ਉੱਥੋਂ ਦਾ ਸੂਬੇਦਾਰ।

-ਸੰਨ 1692 ਵਿੱਚ ਸ਼ਾਹ ਦੇ ਪੁੱਤਰਾਂ ਦਾ ਅਤਾਲੀਕ।

-ਸੰਨ 1695-96 ਵਿੱਚ ਕੁਰਾਨ ਮਜੀਦ ਦੀ ਕਿਸੇ ਆਯਤ ਦੀ

ਵਿੱਦਿਆ ਭਰਪੂਰ ਤਸ਼ਰੀਹ ਕਰਨ ਦੇ ਦੋਸ਼ ਵਿੱਚ ਸ਼ਾਹ ਵੱਲੋਂ ਸਜ਼ਾਏ ਮੌਤ ਦਾ ਜਾਂ ਦੀਨ ਕਬੂਲਣ ਦਾ ਹੁਕਮ।

–ਸੰਨ 1696 ਵਿੱਚ ਨਾਟਕੀ ਢੰਗ ਲਾਲ ਮਾਖੋਵਾਲ ਗੁਰ ਚਰਨਾਂ ਵਿੱਚ ਵਾਪਸੀ।

–ਸੰਨ 1704 ਤੱਕ ਸਾਹਿਤਕ ਸੇਵਾ ਤੇ ਸ਼੍ਰੋਮਣੀ ਕਵੀ ਅਤੇ 'ਭਾਈ ਸਾਹਿਬ' ਦੀ ਗੁਰੂ ਜੀ ਪਾਸੋਂ ਉਪਾਧੀ, ਪਰ ਸੇਵਾ ਲੰਗਰ ਦੀ ਅਤੇ ਪੁਸਤਕ 'ਜ਼ਿਦਗੀਨਾਮਾ' ਦੀ ਸੰਗਤ ਵਿੱਚ ਰੋਜ਼ ਵਿਆਖਿਆ।

–ਸੰਨ 1704 ਵਿੱਚ ਗੁਰੂ ਦੇ ਆਨੰਦਪੁਰ ਛੱਡਣ ਸਮੇਂ ਵਿਛੋੜਾ। ਸ਼ਾਇਦ ਮੁੜ ਆਪਣੇ ਮਿੱਤਰ ਬਹਾਦਰ ਸ਼ਾਹ ਪਾਸ ਰਿਹਾ ਹੋਵੇ, ਇਸ ਪ੍ਰਤੀ ਅਰਥਾਤ 1705–06 ਦੇ ਸਮੇਂ ਬਾਰੇ ਕੋਈ ਇਤਿਹਾਸਿਕ ਹਵਾਲਾ ਨਹੀਂ ਮਿਲਦਾ।

–ਸੰਨ 1707 ਨੂੰ ਨੰਦੇੜ (ਹਜ਼ੂਰ ਸਾਹਿਬ) ਵਿੱਚ ਗੁਰੂ ਗੋਬਿੰਦ ਸਿੰਘ ਜੀ ਨਾਲ।

–ਸੰਨ 1708 ਵਿੱਚ ਗੁਰੂ ਜੀ ਦੇ ਅਕਾਲ ਚਲਾਣੇ ਪਿੱਛੋਂ ਮੁੜ ਦਿੱਲੀ ਦਰਬਾਰ 'ਚ ਔਰੰਗਜ਼ੇਬ ਦੀ ਮੌਤ ਪਿੱਛੋਂ।

–ਸੰਨ 1712 ਵਿੱਚ ਨੌਕਰੀ ਛੱਡ ਕੇ ਮੁਲਤਾਨ ਆਪਣੇ ਪਰਿਵਾਰ ਵਿੱਚ ਵਾਪਸੀ ਤੇ ਸੰਨ 1713 ਵਿੱਚ ਮੌਤ।

## ਭਾਈ ਸਾਹਿਬ ਦੀਆਂ ਰਚਨਾਵਾਂ

1. ਜ਼ਿੰਦਗੀ ਨਾਮਾ:—

ਇਹ 511 ਫ਼ਾਰਸੀ ਅਸ਼ਆਰ ਦੀ ਰਚਨਾ ਹੈ। ਇਸ ਦਾ ਕਾਵਿ-ਰੂਪ ਮਸਨਵੀ ਹੈ। ਇਸਦਾ ਨਾਉਂ ਭਾਈ ਸਾਹਿਬ ਨੇ 'ਬੰਦਗੀ ਨਾਮਾ' ਰੱਖਿਆ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਿਆਰ ਵਿੱਚ ਗਦ ਗਦ ਹੋ ਕੇ ਇਹ ਰਚਨਾ ਓਹਨਾਂ ਨੂੰ ਪੇਸ਼ ਕੀਤੀ ਸੀ। ਗੁਰੂ ਜੀ ਨੇ ਇਸ ਨੂੰ ਗਹੁ ਨਾਲ ਸੁਣਿਆ ਤੇ ਪੜ੍ਹਿਆ। ਘੋਖ ਕੇ ਵਿਚਾਰਿਆ ਕਿ ਇਸ ਵਿੱਚ ਇਸ਼ਕ ਹਕੀਕੀ ਦੇ ਸੰਦਰਭ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦੀ ਹੀ ਵਿਆਖਿਆ ਕੀਤੀ ਗਈ ਹੈ। ਅਸ਼ ਅਸ਼ ਕਰਦਿਆਂ ਇੱਕ ਸ਼ੇਅਰ:

ਜ਼ਆਬੇ ਹੈਵਾਂ ਪੁਰ ਸ਼ੁਦਹ ਚੂੰ ਜਾਮਿ ਊ।
'ਜ਼ਿੰਦਗੀ ਨਾਮਾ' ਸ਼ੁਦਹ ਜ਼ਾਂ ਨਾਮਿ ਊ।

ਆਪਣੇ ਵੱਲੋਂ ਸ਼ਾਮਿਲ ਕਰ ਦਿੱਤਾ ਅਤੇ ਇਸਦਾ ਨਾਉਂ 'ਬੰਦਗੀ ਨਾਮਾ' ਤੋਂ 'ਜ਼ਿੰਦਗੀ ਨਾਮਾ' ਲਿਖ ਦਿੱਤਾ। ਗੁਰੂ ਜੀ ਦਾ ਸ਼ੇਅਰ ਨੰਬਰ 511 ਹੈ। ਇਹ ਰਚਨਾ ਫ਼ਾਰਸੀ ਕਾਵਿ ਵਿੱਚ ਬਹੁਤ ਉੱਤਮ ਸਥਾਨ ਰੱਖਦੀ ਹੈ, ਜੋ ਤੁਹਾਡੇ ਹੱਥਾਂ ਵਿੱਚ ਹੈ।

2. ਦੀਵਾਨਿ ਗੋਯਾ:—

ਇਹ ਭਿੰਨ ਭਿੰਨ ਫ਼ਾਰਸੀ ਬਹਿਰਾਂ ਵਿੱਚ ਰਚਿਆ 63 ਗ਼ਜ਼ਲਾਂ ਦਾ ਸੰਗ੍ਰਹਿ ਹੈ। ਗ਼ਜ਼ਲ ਗੋਈ ਦੇ ਸਾਰੇ ਗੁਣ ਇਸ ਵਿੱਚ ਮੌਜੂਦ ਹਨ। ਭਾਈ ਸਾਹਿਬ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੀ ਸੱਚੀ ਸੁੱਚੀ ਪ੍ਰੀਤ ਦੇ ਕੇਂਦਰ ਬਿੰਦੂ ਮੰਨ ਕੇ ਇਸ਼ਕ ਹਕੀਕੀ ਦੀ ਸ਼ਿੱਦਤ ਨੂੰ ਜਨੂੰਨ ਦੇ ਦਰਜੇ ਤੱਕ ਪੁਚਾਇਆ ਹੈ ਅਤੇ ਆਪਣੇ ਪਿਆਰੇ ਮਹਿਬੂਬ ਪ੍ਰਤੀ ਆਪਣੀ ਵਫ਼ਾਦਾਰੀ ਦੇ ਸੁਨੇਹੇ ਦਿੱਤੇ ਹਨ। ਮੈਂ ਇਸ ਪੁਸਤਕ ਨੂੰ ਪੰਜਾਬੀ ਗ਼ਜ਼ਲਾਂ ਵਿੱਚ ਜਨਵਰੀ ਸੰਨ 1995 ਵਿੱਚ ਅਨੁਵਾਦਿਆ ਸੀ ਤੇ ਪਾਠਕਾਂ ਨੇ ਜੀ ਭਰਕੇ ਮੇਰੀ ਹੌਸਲਾ ਅਫ਼ਜ਼ਾਈ ਕੀਤੀ ਹੈ।

3. ਤੌਸੀਫ਼ੋ-ਸਨਾ:—

ਇਹ ਰਚਨਾ ਫ਼ਾਰਸੀ ਨਸਰ (ਵਾਰਤਕ) ਵਿੱਚ ਹੈ। ਅਰਬੀ ਭਾਸ਼ਾ ਦੇ ਸ਼ਬਦਾਂ

ਦੀ ਵਧੇਰੇ ਭਰਮਾਰ ਹੋਣ ਕਰਕੇ ਕਾਫ਼ੀ ਮੁਸ਼ਕਿਲ ਹੈ। ਇਸ ਵਿੱਚ ਭਾਈ ਸਾਹਿਬ ਨੇ ਪਰਮਾਤਮਾ ਦੀ ਸਿਫ਼ਤ ਤੇ ਮਹਿਮਾਂ ਕੀਤੀ ਹੈ। ਰਚਨਾ ਦੇ ਅੰਤ ਵਿੱਚ 'ਖ਼ਾਤਮਹ' ਸਿਰਲੇਖ ਹੇਠ ਫ਼ਾਰਸੀ ਕਵਿਤਾ ਵਿੱਚ 21 ਸ਼ੇਅਰ ਕਹੇ ਹਨ।

**4. ਗੰਜਨਾਮਾ:—**

ਇਹ ਫ਼ਾਰਸੀ ਨਜ਼ਮ ਅਤੇ ਨਸਰ ਦੀ ਰਲਵੀਂ ਮਿਲਵੀਂ ਰਚਨਾ ਹੈ। 'ਵਾਹ ਗੁਰੂ ਜੀਵਸਤ' ਸਿਰਲੇਖ ਹੇਠ 11 ਟੁਕੜੀਆਂ ਨਜ਼ਮ ਅਤੇ 'ਸਲਤਨਤ' ਸਿਰਲੇਖ ਹੇਠ 10 ਟੁਕੜੀਆਂ ਵਾਰਤਕ ਦੀਆਂ ਹਨ। ਸਾਰੀ ਰਚਨਾ ਵਿੱਚ ਭਾਈ ਸਾਹਿਬ ਨੇ ਦਸਾਂ ਗੁਰੂਆਂ ਦਾ ਜਸ ਗਾਇਆ ਹੈ ਤੇ ਆਪਣੀ ਸ਼ਰਧਾ ਦਾ ਇਜ਼ਹਾਰ ਕੀਤਾ ਹੈ।

ਬਹੁਤ ਹੀ ਖ਼ੂਬਸੂਰਤ ਰਚਨਾ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਵਡਿਆਈ ਵਿੱਚ 'ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ' ਨਜ਼ਮ ਦੇ 54 ਅਸ਼ਆਰ ਜੋ ਜਗਤ ਪ੍ਰਸਿੱਧ ਹਨ, ਏਸੇ ਰਚਨਾ ਵਿੱਚ ਆਉਂਦੇ ਹਨ।

**5. ਦਸਤੂਰੁਲ ਇਨਸ਼ਾ:—**

ਫ਼ਾਰਸੀ ਨਸਰ ਦਾ ਉੱਤਮ ਨਮੂਨਾ ਹੈ। ਇਸ ਵਿੱਚ ਜਿੱਥੇ ਪੰਜਾਬ ਵਿਸ਼ੇਸ਼ ਕਰਕੇ ਮੁਲਤਾਨ ਦੇ ਇਤਿਹਾਸ ਦੀ ਝਲਕ ਪੈਂਦੀ ਹੈ ਉਥੇ ਮਜ਼ਮੂਨ ਨਵੀਸੀ ਅਤੇ ਇਨਸ਼ਾ ਪਰਦਾਜ਼ੀ ਦੀ ਸੁੰਦਰ ਕਲਾ ਦੇ ਵੀ ਦਰਸ਼ਨ ਹੁੰਦੇ ਹਨ। ਇਸ ਰਚਨਾ ਵਿੱਚੋਂ ਭਾਈ ਸਾਹਿਬ ਦੇ ਆਪਣੇ ਜੀਵਨ ਦੇ ਵੀ ਕਈ ਪਹਿਲੂ ਉੱਘੜ ਕੇ ਸਾਹਮਣੇ ਆਉਂਦੇ ਹਨ। ਕਿਤੇ ਕਿਤੇ ਫ਼ਾਰਸੀ ਸ਼ੇਅਰ ਵੀ ਨਜ਼ਰ ਪੈਂਦਾ ਹੈ।

**6. ਅਰਜ਼ੁਲ ਅਲਫ਼ਾਜ਼:—**

ਇਹ ਫ਼ਾਰਸੀ ਭਾਸ਼ਾ ਵਿੱਚ 1346 ਅਸ਼ਆਰ ਦੀ ਇੱਕ ਲੰਬੀ ਰਚਨਾ ਹੈ। ਭਾਈ ਸਾਹਿਬ ਨੇ ਆਪਣੇ ਆਤਮਕ ਗਿਆਨ ਦਾ ਗੁਰੂ ਸਾਹਿਬਾਨ ਅਤੇ ਵਾਹਿਗੁਰੂ ਦੀ ਵਡਿਆਈ ਰਾਹੀਂ ਪ੍ਰਗਟਾਵਾ ਕੀਤਾ ਹੈ। ਅਰਬੀ ਫ਼ਾਰਸੀ ਸ਼ਬਦਾਵਲੀ ਦਾ ਬਹੁਤ ਵੱਡਾ ਤੇ ਅਮੀਰ ਜ਼ਖ਼ੀਰਾ ਹੈ। ਜੀਵਨ ਚੱਜ ਬਾਰੇ ਬਹੁਤ ਲਾਭਦਾਇਕ ਜਾਣਕਾਰੀ ਦਾ ਸੋਮਾ ਹੈ। ਨਜ਼ਮ ਦਾ ਬਹਿਰ 'ਸ਼ਾਹਨਾਮਾ ਫ਼ਿਰਦੌਸੀ' ਅਤੇ 'ਜ਼ਫ਼ਰਨਾਮਾ' ਵਾਲਾ ਹੈ।

**7. ਅਤੇ 8. ਜੋਤਬਕਾਸ ਫ਼ਾਰਸੀ ਅਤੇ ਪੰਜਾਬੀ:—**

ਇਹ ਪੰਜਾਬੀ ਅਤੇ ਫਾਰਸੀ ਨਜ਼ਮ ਵਿੱਚ ਦਸ ਗੁਰੂ ਸਾਹਿਬਾਨ ਨਾਲ ਸੰਬੰਧਤ ਰਚਨਾਵਾਂ ਹਨ। ਇਨ੍ਹਾਂ ਦੇ 43-43 ਅਸ਼ਆਰ ਹਨ। ਹਿੰਦੀ ਸੰਸਕ੍ਰਿਤੀ ਅਤੇ ਫ਼ਾਰਸੀ ਧਾਰਨਾਵਾਂ ਦਾ ਪ੍ਰਭਾਵ ਪ੍ਰਤੱਖ ਹੈ।

9. ਰਹਿਤਨਾਮਾ:—

ਇਸਦਾ ਵਿਸ਼ਾ ਪੰਜਾਬੀ ਕਵਿਤਾ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਭਾਈ ਸਾਹਿਬ ਵਿਚਕਾਰ ਗੁਰੂ ਸਿੱਖ ਦੇ ਰਹਿਤ ਨਾਮੇ ਬਾਰੇ ਵਿਚਾਰ ਵਟਾਂਦਰਾ ਹੈ। 'ਸ੍ਰੀ ਗੁਰੂ ਵਾਚ' ਅਤੇ 'ਨੰਦ ਲਾਲ ਵਾਚ' ਸਿਰਲੇਖਾਂ ਹੇਠ 'ਦੋਹਾਂ' ਤੇ 'ਚੌਪਈ' ਕਾਵਿ-ਰੂਪਾਂ ਰਾਹੀਂ ਵਿਚਾਰ ਪ੍ਰਗਟਾਏ ਹਨ। ਇੱਕ ਸੱਚੇ ਗੁਰਸਿੱਖ ਦੀ ਰਹਿਣੀ ਬਹਿਣੀ ਤੇ ਵਰਤਾਓ ਬਾਰੇ ਭਰਪੂਰ ਰੌਸ਼ਨੀ ਪਾਈ ਹੈ।

10. ਤਨਖ਼ਾਹ ਨਾਮਾ:—

ਗੁਰੂ ਜੀ ਅਤੇ ਭਾਈ ਸਾਹਿਬ ਵਿਚਕਾਰ ਸਿੱਖ ਧਰਮ ਕਾਂਡ ਬਾਰੇ ਹੋਈ ਵਿਚਾਰ ਇਸ ਰਚਨਾ ਦਾ ਵਿਸ਼ਾ ਹੈ। ਛੰਦ ਦੋਹਰਾ ਤੇ ਚੌਪਈ ਹਨ। ਖ਼ਾਲਸੇ ਦੇ ਲੱਛਣਾਂ ਤੋਂ ਉਪਰੰਤ ਹੋਰ ਅਨੇਕਾਂ ਹੀ ਗੁਰੂ ਘਰ ਨਾਲ ਸੰਬੰਧਤ ਵਿਸ਼ਿਆਂ ਉੱਤੇ ਰੌਸ਼ਨੀ ਪਾਈ ਗਈ ਹੈ।

# ਜ਼ਿੰਦਗੀ ਨਾਮਾ
## (ਮਸਨਵੀ)

'ਗੋਯਾ' ਜੀ ਨੇ 'ਬੰਦਗੀ ਨਾਮਾ' ਫ਼ਾਰਸੀ ਵਿੱਚ ਸਮਝਾਇਆ।
ਦਸਮ ਪਿਤਾ ਨੇ 'ਜ਼ਿੰਦਗੀ ਨਾਮਾ' ਇਸਦਾ ਨਾਮ ਰਖਾਇਆ।
ਅਣਗੌਲ਼ਿਆਂ ਹੀ ਮਤੇ ਰਹਿਜਵੇ ਇਹ ਅਨਮੋਲ ਖ਼ਜ਼ਾਨਾ,
ਵਿੱਚ ਪੰਜਾਬੀ ਤਾਹੀਂਓਂ ਇਸਦਾ ਮੈਂ ਅਨੁਵਾਦ ਰਚਾਇਆ।

–ਡਾ. ਪੰਦੋਹਲ

# ਮੂਲ ਪਾਠ

## ਜ਼ਿੰਦਗੀ ਨਾਮਾ

ਆਂ ਖ਼ੁਦਾਵੰਦੇ ਜ਼ਮੀਨੋ ਆਸਮਾਂ ॥੧॥
ਜ਼ਿੰਦਗੀ ਬਖ਼ਸ਼ੇ ਵਜੂਦੇ ਇਨਸੋ ਜਾਂ।

ਅਨੁਵਾਦ:—
ਓਹ ਖ਼ੁਦਾ ਮਾਲਕ ਜੋ ਧਰਤ ਅਸਮਾਨ ਦਾ।
ਜਾਨ ਦੇਵਾ ਦੇਵਤੇ, ਇਨਸਾਨ ਦਾ।

ਖ਼ਾਕ ਰਾਹੇ ਤੂਤੀਆ ਏ ਚਸ਼ਮੇ ਮਾਸਤ ॥੨॥
ਆਬਰੂ ਅਫ਼ਜ਼ਾ ਏ ਹਾਰ ਸ਼ਾਹੋ ਗਦਾਸਤ।

ਅਨੁਵਾਦ:—
ਧੂੜ ਉਸਦੀ ਸੁਰਮਾ ਮੇਰੀ ਅੱਖ ਦਾ।
ਮਾਣ ਰੱਖੇ ਅਮੀਰ ਗ਼ਰੀਬ ਦੇ ਪੱਖ ਦਾ।

ਹਰ ਕਿ ਬਾਸ਼ਦ ਦਾਇਮਾ ਦਰ ਯਾਦੇ ਊ ॥੩॥
ਯਾਦੇ ਹੱਕ ਹਰਦਮ ਬਵਦ ਅਰਸ਼ਾਦੇ ਊ।

ਅਨੁਵਾਦ:—
ਜੋ ਸਦਾ ਰਹਿੰਦਾ ਹੈ ਉਸਦੀ ਯਾਦ ਵਿੱਚ।
ਉਪਦੇਸ਼ ਵੀ ਉਸਦਾ ਰਹੇ ਫ਼ਰਿਆਦ ਵਿੱਚ।

ਗਰ ਤੂ ਦਰ ਯਾਦੇ ਖ਼ੁਦਾ ਬਾਸ਼ੀ ਮੁਦਾਮ ॥੪॥
ਤਾ ਸ਼ਵੀ ਐ ਜਾਨੇ ਮਨ ਮਰਦੇ ਤਮਾਮ।

ਅਨੁਵਾਦ:—
ਜੇ ਸਦਾ ਰੱਬ ਦੀ ਨਜ਼ਰ ਵਿੱਚ ਆਏਂਗਾ।
ਪਿਆਰਿਆ ਪੂਰਨ ਮਨੁੱਖ ਬਣ ਜਾਏਂਗਾ।

ਆਫ਼ਤਾਬੇ ਹਸਤ ਪਿਨਹਾਂ ਜ਼ੇਰ ਅਬਰ ॥੫॥
ਬਗੁਜ਼ਰ ਅਜ਼ ਅਬਰੋ ਨਮਾ ਰੁਖ਼ ਹਮਚੂ ਬਦਰ ॥

ਅਨੁਵਾਦ:—
ਸੂਰਜ ਬੱਦਲਾਂ ਹੇਠਾਂ ਛੁਪਕੇ ਰਹਿ ਗਿਆ।
ਬਾਹਰ ਆ, ਚੰਨ ਵਾਂਗ ਆਕੇ ਮੂੰਹ ਵਿਖਾ।

ਈਂ ਤਨਤ ਅਬਰਸਤੋ ਰੂਏ ਆਫ਼ਤਾਬ॥੬॥
ਯਾਦੇ ਹੱਕ ਮੈਦਾਂ ਹਮੀਂ ਬਾਸ਼ਦ ਸਵਾਬ।

ਅਨੁਵਾਦ:—

ਇਹ ਹੈ ਬੱਲ ਵਾਂਗਰਾਂ ਤੇਰਾ ਸਰੀਰ।
ਯਾਦ ਰੱਬ ਦੀ ਹੀ ਕਰੇ ਤੈਨੂੰ ਅਮੀਰ।

ਹਰ ਕਿ ਵਾਕਫ਼ ਸ਼ੁਦ ਜ਼ ਅਸਰਾਰੇ ਖ਼ੁਦਾ॥੭॥
ਹਰ ਨਫ਼ਸ ਜੁਜ਼ ਹੱਕ ਨ ਦਾਰਦ ਮੁਦੱਆ।

ਅਨੁਵਾਦ:—

ਰੱਬ ਦਾ ਜੋ ਭੇਦ ਸਮਝਣ ਲੱਗ ਪਿਆ।
ਹੱਕ ਬਿਨਾਂ ਨਾ ਹੋਰ ਉਸਦਾ ਮਦੁੱਆ।

ਹੱਕ ਚਿਹ ਬਾਸ਼ਦ ਯਾਦੇ ਆਂ ਯਜ਼ਦਾਨ ਪਾਕ॥੮॥
ਕੈ ਬਦਾਨਦ ਕਦਰੇ ਊ ਹਰ ਮੁਸ਼ਤੇ ਖ਼ਾਕ॥

ਅਨੁਵਾਦ:—

ਰੱਬ ਕੀ? ਤੇ ਕੀ ਉਹਦੀ ਆਰਾਧਨਾ।
ਖ਼ਾਕ ਦੇ ਪੁਤਲੇ ਨੇ ਇਹ ਕੀ ਜਾਨਣਾ।

ਸੋਹਬਤੇ ਨੇਕਾਂ ਅਗਰ ਬਾਸ਼ਦ ਨਸੀਬ॥੯॥
ਦੌਲਤੇ ਜਾਵੇਦ ਯਾਬੀ ਐ ਹਬੀਬ।

ਅਨੁਵਾਦ:—

ਜੋ ਮਹਾਂਪੁਰਸ਼ਾਂ ਦੀ ਸੰਗਤ ਜਾਏਂਗਾ।
ਪਿਆਰਿਆ ਅਣਗਿਣਤ ਧਨ ਨੂੰ ਪਾਏਂਗਾ।

ਦੌਲਤ ਅੰਦਰ ਖ਼ਿਦਮਤੇ ਮਰਦਾਨੇ ਊਸਤ॥੧੦॥
ਹਰ ਗਦਾ ਓ ਬਾਦਸ਼ਾਹ ਕੁਰਬਾਨ ਊਸਤ।

ਅਨੁਵਾਦ:—

ਸਾਧ ਸੰਗਤ ਹੀ ਹੈ ਦੌਲਤ ਦਾ ਭੰਡਾਰ।
ਹਰ ਗ਼ਰੀਬ ਅਮੀਰ ਹੈ ਉਸਤੇ ਨਿਸਾਰ।

ਖ਼ੂਏ ਸ਼ਾਂ ਗੀਰ ਐ ਬਰਾਦਰ ਖ਼ੂਏ ਸ਼ਾਂ॥੧੧॥
ਦਾਇਮਾ ਮੇਗਰਦ ਗਿਰਦੇ ਕੂਏ ਸ਼ਾਂ।

ਅਨੁਵਾਦ:—

ਐ ਭਰਾ! ਉਸਦਾ ਸੁਭਾਓ ਜਾਣਲੈ।
ਫਿਰ ਕੇ ਦੁਆਲੇ ਉਸਦੇ ਕੂਚੇ ਛਾਣਲੈ।

ਹਰ ਕਿ ਗਿਰਦੇ ਕੂਏ ਸ਼ਾਂ ਗਰਦੀਦ ਯਾਫ਼ਤ॥੧੨॥
ਹਰ ਦੋ ਆਲਮ ਹਮਚੂ ਮਿਹਰੋ ਬਦਰ ਤਾਫ਼ਤ।

ਅਨੁਵਾਦ:—

ਜੋ ਕੋਈ ਉਸ ਕੂਚੇ ਦੁਆਲੇ ਹੋ ਗਿਆ।
ਦੋ ਜਹਾਨੀ ਸੂਰਜੀ ਕਰ ਲੋਅ ਗਿਆ।

ਦੌਲਤੇ ਜਾਵੇਦ ਬਾਸ਼ਦ ਬੰਦਗੀ॥੧੩॥
ਬੰਦਗੀ ਕੁਨ ਬੰਦਗੀ ਕੁਨ ਬੰਦਗੀ।

ਅਨੁਵਾਦ:—

ਇਸ ਸਦੀਵੀ ਧਨ, ਬਣਾਉਣੀ ਜ਼ਿੰਦਗੀ।
ਬੰਦਗੀ ਕਰ, ਬੰਦਗੀ ਕਰ, ਬੰਦਗੀ।

ਦਰ ਲਿਬਾਸੇ ਬੰਦਗੀ ਸ਼ਾਹੀ ਤੁਰਾਸਤ॥੧੪॥
ਦੌਲਤੇ ਅਜ਼ ਮਾਹ ਤਾ ਮਾਹੀ ਤੁਰਾਸਤ।

ਅਨੁਵਾਦ:—

ਬਾਦਸ਼ਾਹੀ ਤੇਰੀ ਭਗਤੀ ਦਾ ਲਿਬਾਸ।
ਧਰਤ ਤੋਂ ਅਸਮਾਨ ਤੱਕ ਤੇਰੀ ਹੈ ਰਾਸ।

ਹਰ ਕਿ ਗ਼ਾਫ਼ਲ ਸ਼ੁਦ ਅਜ਼ ਊ ਨਾਦਾਂ ਬਵਦ॥੧੫॥
ਗਰ ਗਦਾ ਬਾਸ਼ਦ ਵ ਗਰ ਸੁਲਤਾਂ ਬਵਦ।

ਅਨੁਵਾਦ:—

ਜੋ ਵੀ ਭੁੱਲਿਆ ਉਸਨੂੰ, ਪਾਗਲ ਹੋ ਗਿਆ।
ਭਾਵੇਂ ਕੰਗਲਾ ਹੋਵੇ, ਭਾਵੇਂ ਬਾਦਸ਼ਾਹ।

ਸ਼ੌਕੇ ਮੌਲਾ ਅਜ਼ ਹਮਹ ਬਾਲਾ ਤੁਰਾਸਤ॥੧੬॥
ਸਾਯਾ ਏ ਊ ਬਰ ਸਰੇ ਮਾ ਅਫ਼ਸਰਾਸਤ।

ਅਨੁਵਾਦ:—

ਪ੍ਰੇਮ ਹੀ ਪਰਮਾਤਮਾ ਦਾ ਰਾਜ ਹੈ।
ਉਸਦਾ ਸਾਯਾ ਸਾਡੇ ਸਿਰ ਦਾ ਤਾਜ ਹੈ।

ਸ਼ੌਕੇ ਮੌਲਾ ਮਾਅਨੀ ਏ ਜ਼ਿਕਰੇ ਖ਼ੁਦਾਸਤ॥੧੭॥
ਕਾਂ ਤਲਿਸਮੇ ਜਿਸਮ ਮਾ ਰਾ ਕੀਮਿਆਸਤ।

ਅਨੁਵਾਦ:—

ਪ੍ਰੇਮ ਦੇ ਨੇ ਅਰਥ ਸਿਮਰਨ ਓਸਦਾ।
ਉਸਦਾ ਜਾਣੂ ਸਾਡੇ ਲਈ ਹੈ ਕੀਮੀਆ।

ਸ਼ੌਕੇ ਮੌਲਾ ਜ਼ਿੰਦਗੀ ਏ ਜਾਨ ਮਾਸਤ॥੧੮॥
ਜ਼ਿਕਰੇ ਊ ਸਰਮਾਇਆ ਏ ਈਮਾਨ ਮਾਸਤ।

ਅਨੁਵਾਦ:—

ਰੱਬ ਦੀ ਪ੍ਰੀਤੀ ਅਸਾਡੀ ਜਾਨ ਹੈ।
ਇਸ਼ਕ ਉਸਦਾ ਦੋਸਤੋ ਈਮਾਨ ਹੈ।

ਆਂ ਹਜੂਮੇ ਖ਼ੁਸ਼ ਕਿ ਊ ਦਫ਼ਾਅ ਬਲਾਸਤ॥੧੯॥
ਆਂ ਹਜੂਮੇ ਖ਼ੁਸ਼ ਕਿ ਊ ਬਹਿਰੇ ਖ਼ੁਦਾਸਤ।

ਅਨੁਵਾਦ:—

ਓਹ ਮਿਲਾਪ ਅੱਛਾ, ਕਰੇ ਜੋ ਦੁੱਖ ਦੂਰ।
ਓਹ ਮਿਲਾਪ ਅੱਛਾ, ਦਿਖਾਵੇ ਰੱਬੀ ਨੂਰ।

ਰੋਜ਼ੇ ਜੁਮ੍ਹਾਂ ਮੋਮਨਾਨੇ ਪਾਕਬਾਜ਼॥੨੦॥
ਗਰਦਮੇਆਯੰਦ ਅਜ਼ ਬਹਰੇ ਨਮਾਜ਼।

ਅਨੁਵਾਦ:—

ਜੁਮ੍ਹੇਂ ਦੇ ਦਿਨ ਸਾਰੇ ਮੋਮਨ ਪਾਕਬਾਜ਼।
ਕੱਠੇ ਹੋ ਕੇ ਹਨ ਅਦਾ ਕਰਦੇ ਨਮਾਜ਼।

ਹਮਚੁਨਾਂ ਦਰ ਮਜ਼ਹਬੇ ਮਾ ਸਾਦਾ ਸੰਗ॥੨੧॥
ਕਜ਼ ਮੁਹੱਬਤ ਬਾ ਖ਼ੁਦਾ ਦਾਰੰਦ ਦੰਗ।

ਅਨੁਵਾਦ:—

ਅਸੀਂ ਵੀ ਏਦਾਂ ਹੀ ਹੋ ਕੇ ਸਾਫ਼ਦਿਲ।
ਯਾਦ ਰੱਬ ਦੀ ਵਿੱਚ ਆ ਬਹਿੰਦੇ ਹਾਂ ਮਿਲ।

ਗਰਦਮੇ ਆਯੰਦ ਦਰਮਾਹ ਦੋਬਾਰ॥੨੨॥
ਬਹਿਰ ਜ਼ਿਕਰ ਖ਼ਾਸਾ ਏ ਪਰਵਰਦਗਾਰ।

ਅਨੁਵਾਦ:—

ਇੱਕ ਮਹੀਨੇ ਵਿੱਚ ਮਿਲਦੇ ਹਾਂ ਦੋ ਵਾਰ।
ਯਾਦ ਆਪਣਾ ਕਰਨ ਲਈ ਪਰਵਰਦਗਾਰ।

ਆਂ ਹਜੂਮੇ ਖੁਸ਼ ਕਿ ਬਹਿਰੇ ਬੰਦਗੀਸਤ॥੨੩॥
ਆਂ ਹਜੂਮੇ ਖੁਸ਼ ਕਿ ਮਹਿਜ਼ੇ ਜ਼ਿੰਦਗੀਸਤ।

ਅਨੁਵਾਦ:—

ਮੇਲ ਅੱਛਾ ਓਹ ਜੋ ਹੈ ਬੰਦਗੀ ਲਈ।
ਮੇਲ ਅੱਛਾ ਓਹ ਜੋ ਹੈ ਜ਼ਿੰਦਗੀ ਲਈ।

ਆਂ ਹਜੂਮੇ ਖ਼ੁਸ਼ ਕਿ ਬਹਿਰੇ ਯਾਦ ਊਸਤ॥੨੪॥
ਆਂ ਹਜੂਮੇ ਖ਼ੁਸ਼ ਕਿ ਹੱਕ ਬੁਨਿਆਦ ਊਸਤ।

ਅਨੁਵਾਦ:—

ਮੇਲ ਅੱਛਾ ਓਹ ਜੋ ਉਸਦੀ ਯਾਦ ਹੈ।
ਮੇਲ ਅੱਛਾ ਜਿਸਦੀ ਓਹ ਬੁਨਿਆਦ ਹੈ।

ਆਂ ਹਜੂਮੇ ਬਦ ਕਿ ਸ਼ੈਤਾਨੀ ਬਵਦ॥੨੫॥
ਆਕਬਤ ਅਜ਼ੁ ਵੇ ਪਸ਼ੇਮਾਨੀ ਬਵਦ।

ਅਨੁਵਾਦ:—

ਮੇਲ ਕੀ? ਜਿਸ ਵਿੱਚ ਸ਼ੈਤਾਨੀ ਹੋਏ।
ਜਿਸ ਦੇ ਸਿੱਟੇ ਤੋਂ ਪਰੇਸ਼ਾਨੀ ਹੋਏ।

ਈਂ ਜਹਾਂ ਵ ਆਂ ਜਹਾਂ ਅਫ਼ਸਾਨਾ ਈਸਤ॥੨੬॥
ਈਂ ਓ ਆਂ ਅਜ਼ ਖਿਰਮਨਸ਼ ਯਕਦਾਨਾ ਈਸਤ।

ਅਨੁਵਾਦ:—

ਇਹ ਜੱਗ ਤੇ ਓਹ ਜੱਗ, ਅਫ਼ਸਾਨਾ ਹਨ।
ਦੋਨੋਂ ਹੀ ਖਲਵਾੜੇ ਦਾ ਇੱਕ ਦਾਣਾ ਹਨ।

ਈਂ ਜਹਾਂ ਓ ਆਂ ਜਹਾਂ ਫ਼ਰਮਾਨੇ ਹੱਕ॥੨੭॥
ਔਲੀਆ ਓ ਅੰਬੀਆ ਕੁਰਬਾਨੇ ਹੱਕ।

ਅਨੁਵਾਦ:—

ਹੁਕਮ ਵਿੱਚ ਉਪਜੇ ਇਹ ਦੋਨੋਂ ਜਹਾਨ ਹਨ।
ਸੰਤ, ਸਾਧੂ ਰੱਬ ਤੇ ਕੁਰਬਾਨ ਹਨ।

ਹਰ ਕਿ ਦਰ ਯਾਦੇ ਖ਼ੁਦਾ ਕਾਇਮ ਬਵਦ॥੨੮॥
ਤਾ ਖ਼ੁਦਾ ਕਾਇਮ ਬਵਦ, ਦਾਇਮ ਬਵਦ।

ਅਨੁਵਾਦ:—

ਰੱਬ ਦੀ ਭਗਤੀ 'ਚ ਜਿਹੜਾ ਲੱਗਦਾ।
ਰੱਬ ਦੀ ਹੱਸਤੀ ਨੂੰ ਹੀ ਉਹ ਪੁੱਜਦਾ।

ਈਂ ਦੋ ਆਲਮ ਜ਼ੱਰਾ ਏ ਅਜ਼ ਨੂਰੇ ਊਸਤ॥੨੯॥
ਮਿਹਰੋ ਮਾਂਹ ਮਸ਼ਅਲ ਕਸ਼ੇ ਮਜ਼ਦੂਰ ਊਸਤ।

ਅਨੁਵਾਦ:—

ਨੂਰ ਦੀ ਕਾਤਰ ਇਹ ਦੋਵੇਂ ਜੱਗ ਹਨ।
ਕਾਮੇ, ਚੰਦ, ਸੂਰਜ ਨਾ ਉਸਤੋਂ ਅਲੱਗ ਹਨ।

ਹਾਸਿਲੇ ਦੁਨੀਆਂ ਹਮੀਂ ਦਰਦੇ ਸਿਰਾਸਤ॥੩੦॥
ਹਰ ਕਿ ਗ਼ਾਫ਼ਲ ਸ਼ੁਦ ਜ਼ਹੱਕ ਗਾਓ ਖ਼ਰਾਸਤ।

ਅਨੁਵਾਦ:—
ਦੁਨੀਆਂ ਦਾ ਧਨ ਮਾਲ ਸਭ ਸਿਰਦਰਦ ਹਨ।
ਬੈਲ, ਗਧੇ ਵਾਂਗੂੰ ਗ਼ਾਫ਼ਲ ਮਰਦ ਹਨ।

ਗ਼ਾਫ਼ਲ ਅਜ਼ੂਏ ਯੱਕ ਜ਼ਮਾਂ ਸਦ ਮਰਗੇ ਦਾਂ॥੩੧॥
ਜ਼ਿੰਦਗੀ ਯਾਦਸਤ ਨਿਜ਼ਦੇ ਆਰਫ਼ਾ।

ਅਨੁਵਾਦ:—
ਇੱਕ ਘੜੀ ਭੁੱਲਣਾ ਉਹਨੂੰ ਸੌ ਬਾਰ ਮੌਤ।
ਯਾਦ ਉਸਦੀ ਗਿਆਨਵਾਨਾਂ ਸੰਗ ਜੋਤ।

ਹਰਦਮੇ ਕੂਬਗੁਜ਼ਰ ਓ ਦਰ ਯਾਦੇ ਊ॥੩੨॥
ਬਾ ਖ਼ੁਦਾ ਕਾਇਮ ਬਵਦ ਬੁਨਿਆਦੇ ਊ।

ਅਨੁਵਾਦ:—
ਸਾਹ ਜਿਹਦਾ ਸਿਮਰਨ ਦੇ ਅੰਦਰ ਲੰਘਦਾ।
ਓਹ ਮਜ਼ਾ ਲੈਂਦਾ ਹੈ ਉਸਦੇ ਸੰਗ ਦਾ।

ਹਰ ਸਰੇਕੂ ਸਿਜਦਾ ਏ ਸੁਬਹਾਨ ਕਰਦ॥੩੩॥
ਹੱਕ ਮਰਾ ਊਰਾ ਸਾਹਿਬੇ ਈਮਾਨ ਕਰਦ।

ਅਨੁਵਾਦ:—
ਹਰ ਕੋਈ ਜੋ ਓਸਨੂੰ ਸਿਜਦਾ ਕਰੇ।
ਹਰ ਕਿਸੇ ਨੂੰ ਆਪਣਾ ਉਹ ਸੇਵਕ ਕਰੇ।

ਸਰ ਬਰਾਏ ਸਿਜਦਾ ਪੈਦਾ ਕਰਦਾ ਅੰਦ॥੩੪॥
ਦਰਦ ਹਰ ਸਰ ਰਾ ਮਦਾਵਾ ਕਰਦਾ ਅੰਦ।

ਅਨੁਵਾਦ:—
ਸਿਰ ਬਣਾਇਆ ਸਿਜਦਾ ਕਰਨੇ ਦੇ ਲਈ।
ਦਾਰੂ ਦਰਮਲ ਦੁੱਖ ਹਰਨੇ ਦੇ ਲਈ।

ਪਸ ਤੁਰਾ ਬਾਯਦ ਕੁਨੀ ਹਰਦਮ ਸਜੂਦ॥੩੫॥
ਆਰਫ਼ ਅਜ਼ੂਏ ਯੱਕ ਜ਼ਮਾਂ ਗਾਫ਼ਲ ਨਬੂਦ।

ਅਨੁਵਾਦ:—
ਚੰਗਾ ਹੈ ਹਰਦਮ ਹੀ ਤੂੰ ਸਿਜਦਾ ਕਰੇਂ।
ਭਲਿਆ ਇੱਕ ਪਲ ਉਸਨੂੰ ਨਾ ਓਹਲੇ ਕਰੇਂ।

ਕੁਫ਼ਰ ਬਾਸ਼ਦ ਅਜ਼ ਖ਼ੁਦਾ ਗ਼ਾਫ਼ਲ ਸ਼ੁਦਨ ॥੩੬॥
ਬਰ ਲਿਬਾਸੇ ਦੀਨਵੀ ਮਾਇਲ ਸ਼ੁਦਨ।

ਅਨੁਵਾਦ:—

ਰੱਬ ਨੂੰ ਭੁੱਲਣਾ, ਬੇਈਮਾਨੀ ਬੜੀ।
ਰੰਗਾਂ ਉੱਤੇ ਡੁੱਲ੍ਹਣਾ, ਬੇਈਮਾਨੀ ਬੜੀ।

ਈਂ ਲਿਬਾਸੇ ਦੀਨਵੀ ਫ਼ਾਨੀ ਬਵਦ ॥੩੭॥
ਬਰਖ਼ੁਦਾਵੰਦਾਨਸ਼ ਅਜ਼ ਜ਼ਾਨੀ ਬਵਦ।

ਅਨੁਵਾਦ:—

ਇਹ ਪਦਾਰਥ ਸਾਰੇ ਉੱਡ ਪੁੱਡ ਜਾਣਗੇ।
ਭੋਗਦਾਰਾਂ ਨੂੰ ਹੀ ਇਹ ਸਭ ਭਾਣਗੇ।

ਹਰ ਕਿ ਗ਼ਾਫ਼ਲ ਸ਼ੁਦ ਚਿਰਾ ਆਕਲ ਬਵਦ ॥੩੮॥
ਹਰ ਕਿ ਗ਼ਾਫ਼ਲ ਗ਼ਸ਼ਤ ਊ ਜਾਹਲ ਬਵਦ।

ਅਨੁਵਾਦ:—

ਜੋ ਵੀ ਗ਼ਾਫ਼ਲ ਹੈ, ਕਿਵੇਂ ਹੈ ਅਕਲਮੰਦ?
ਗ਼ਫ਼ਲਤਾਂ ਵਿੱਚ ਹੋਈ ਉਸਦੀ ਅਕਲ ਬੰਦ।

ਮਰਦੇ ਆਰਫ਼ ਫ਼ਾਰਗ਼ ਅਜ਼ ਚੂੰ ਓ ਚਿਰਾਸਤ ॥੩੯॥
ਹਾਸਲੇ ਉਮਰਸ਼ ਹਮੀਂ ਯਾਦੇ ਖ਼ੁਦਾਸਤ।

ਅਨੁਵਾਦ:—

ਅਕਲਮੰਦ ਨਾ ਛੇੜਦੇ ਤਕਰਾਰ ਨੂੰ।
ਵੱਡੀ ਦੌਲਤ ਮੰਨਦੇ ਯਾਦੇ ਯਾਰ ਨੂੰ।

ਸਾਹਿਬੇ ਈਮਾਂ ਹਮਾਂ ਬਾਸ਼ਦ ਹਮਾਂ ॥੪੦॥
ਕੋ ਨ ਬਾਸ਼ਦ ਅਜ਼ ਊ ਏ ਯੱਕ ਜ਼ਮਾਂ।

ਅਨੁਵਾਦ:—

ਹੈ ਓਹੀ ਵੱਡਾ ਪੁਰਸ਼, ਧਰਮਾਤਮਾ।
ਇੱਕ ਵੀ ਪਲ ਵਿਸਾਰੇ ਨਾ, ਜੋ ਪਰਮਾਤਮਾ।

ਦੀਨੋ ਦੁਨੀਆਂ ਬੰਦਾ ਏ ਫ਼ਰਮਾਨੇ ਊ ॥੪੧॥
ਈਂ ਵਾਂ ਸ਼ਰਮਿੰਦਾ ਏ ਇਹਸਾਨੇ ਊ।

ਅਨੁਵਾਦ:—

ਧਨ, ਧਰਮ ਦੋਨੋਂ ਹੀ ਉਸਦੇ ਬੰਦੇ ਹਨ।
ਦੋਨੋਂ ਜੱਗ ਅਹਿਸਾਨ ਤੋਂ ਸ਼ਰਮਿੰਦੇ ਹਨ।

ਚੀਸਤ ਇਹਸਾਂ ਸੋਹਬਤੇ ਮਰਦਾਨੇ ਹੱਕ॥੪੨॥
ਆਂ ਕਿ ਮੇਖ਼ੁਆਨੰਦ ਅਜ਼ ਇਸ਼ਕਸ਼ ਸਬਕ।

ਅਨੁਵਾਦ:—

ਪਤੈ ਕੀ ਫ਼ਲ ਸਾਧੂਆਂ ਦੀ ਸ਼ਰਨ ਦਾ?
ਪ੍ਰੇਮ ਪਾਠ ਮਿਲਦਾ ਸੰਗਤ ਕਰਨ ਦਾ।

ਚੀਸਤ ਦੁਨੀਆਂ ਓ ਲਿਬਾਸੇ ਦੀਨਵੀ॥੪੩॥
ਅਜ਼ ਖ਼ੁਦਾ ਗ਼ਾਫ਼ਲ ਸ਼ੁਦਨ ਐ ਮੌਲਵੀ।

ਅਨੁਵਾਦ:—

ਕੀ ਇਹ ਦੁਨੀਆਂ? ਕੀ ਤਮਾਸ਼ੇ? ਰੰਗ ਰੂਪ।
ਗ਼ਫ਼ਲਤਾਂ ਦਾ ਰੂਪ ਇਹ ਸਾਰਾ ਸਰੂਪ।

ਯਾਦੇ ਊ ਸਰਮਾਇਆ ਏ ਈਮਾਂ ਬਵਦ॥੪੪॥
ਹਰ ਗਦਾ ਅਜ਼ ਯਾਦੇ ਊ ਸੁਲਤਾਂ ਬਵਦ।

ਅਨੁਵਾਦ:—

ਧਰਮ ਦੀ ਪੂੰਜੀ ਓਹਦੀ ਆਰਾਧਨਾ।
ਕੰਗਲਾ ਹਰ ਇੱਕ ਬਣ ਜਾਏ ਰਾਜਨਾ।

ਰੋਜ਼ੋ ਸ਼ਬ ਦਰ ਬੰਦਗੀ ਬਾਸ਼ਿੰਦ ਸ਼ਾਦ॥੪੫॥
ਬੰਦਗੀ ਊ ਬੰਦਗੀ ਊ ਯਾਦੋ ਯਾਦ।

ਅਨੁਵਾਦ:—

ਰਾਤ ਦਿਨ ਸਿਮਰਨ 'ਚ ਹੀ ਭਾਲਣ ਖ਼ੁਸ਼ੀ।
ਸ਼ੁਗਲ ਹੀ ਓਹਨਾਂ ਦਾ ਹੈ ਬੱਸ ਬੰਦਗੀ।

ਚੀਸਤ ਸੁਲਤਾਨੀ ਓ ਦਰਵੇਸ਼ੀ ਬਦਾਂ॥੪੬॥
ਯਾਦੇ ਆਂ ਜਾਂ ਆਫ਼ਰੀਨੇ ਇਨਸੋ ਜਾਂ।

ਅਨੁਵਾਦ:—

ਬਾਦਸ਼ਾਹੀ ਤੇ ਫ਼ਕੀਰੀ ਚੀਜ਼ ਕੀ?
ਓਸਦਾ ਸਿਮਰਨ ਹੈ ਕਿਰਪਾ ਉਸਦੀ।

ਯਾਦੇ ਊ ਗਰ ਮੂਨਸੇ ਜਾਨਤ ਬਵਦ॥੪੭॥
ਹਰ ਦੋ ਆਲਮ ਜ਼ੇਰ ਫ਼ਰਮਾਨਤ ਬਵਦ।

ਅਨੁਵਾਦ:—

ਰੱਬ ਦਾ ਸਿਮਰਨ ਜੇ ਮਨ ਵਿੱਚ ਰਸ ਜਾਏ।
ਰਾਜ ਦੋ ਆਲਮ ਦਾ ਵੀ ਹੋ ਵੱਸ ਜਾਏ।

ਪਸ ਬਜ਼ੁਰਗੀ ਹਸਤ ਅੰਦਰ ਯਾਦੇ ਊ॥੪੮॥
ਯਾਦ ਊ ਕੁਨ, ਯਾਦ ਊ ਕੁਨ, ਯਾਦੇ ਊ।

ਅਨੁਵਾਦ:—

ਓਸਦੇ ਸਿਮਰਨ ਤੋਂ ਉਭਰੇ ਜ਼ਿੰਦਗੀ।
ਬੰਦਗੀ ਕਰ, ਬੰਦਗੀ ਕਰ, ਬੰਦਗੀ।

ਗਰ ਬਜ਼ੁਰਗੀ ਬਾਇਦਤ ਕੁਨ ਬੰਦਗੀ॥੪੯॥
ਵਰਨਾ ਆਖ਼ਰ ਮੇਕਸ਼ੀ ਸ਼ਰਮਿੰਦਗੀ।

ਅਨੁਵਾਦ:—

ਵੱਡਾ ਹੋਣੈ, ਬੰਦਗੀ ਕਰਨੀ ਪਊ।
ਨਹੀਂ ਤਾਂ ਸ਼ਰਮਿੰਦਗੀ ਜਰਨੀ ਪਊ।

ਸ਼ਰਮ ਕੁਨ, ਹਾਂ ਸ਼ਰਮ ਕੁਨ, ਹਾਂ ਸ਼ਰਮ ਕੁਨ॥੫੦॥
ਈਂ ਦਿਲ ਚੂੰ ਸੰਗ ਖ਼ੁਦ ਰਾ ਨਰਮ ਕੁਨ।

ਅਨੁਵਾਦ:—

ਸ਼ਰਮ ਕਰ ਤੂੰ, ਸ਼ਰਮ ਕਰ ਤੂੰ, ਸ਼ਰਮ ਕਰ।
ਆਪਣੇ ਪੱਥਰ ਦਿਲ ਨੂੰ ਵੀ ਤੂੰ ਨਰਮ ਕਰ।

ਮਾਅਨਏ ਸ਼ਰਮੇ ਗ਼ਰੀਬੀ ਆਮਦਾਹ॥੫੧॥
ਦਰਦੇ ਹਰ ਸਰ ਰਾ ਤਬੀਬੀ ਆਮਦਾਹ।

ਅਨੁਵਾਦ:—

ਦੂਰ ਪਸ਼ਚਾਤਾਪ ਕਰਦੀ ਨਿਮਰਤਾ।
ਸਿਰ ਦੇ ਹਰ ਇੱਕ ਦਰਦ ਦੀ ਏਹੋ ਦਵਾ।

ਹੱਕ ਪ੍ਰਸਤਾਂ ਖ਼ੁਦ-ਪ੍ਰਸਤੀ ਚੂੰ ਕੁਨੰਦ॥੫੨॥
ਸਰਬੁਲੰਦਾਂ ਮੇਲ ਪਸਤੀ ਚੂੰ ਕੁਨੰਦ।

ਅਨੁਵਾਦ:—

ਕਿਉਂ ਭਲਾਂ ਪੂਜਕ ਕਰਨ ਪਏ ਮਾਣ ਨੂੰ।
ਉੱਚੇ ਹੋ ਕੇ ਵੇਖਦੇ ਨੀਵਾਣ ਨੂੰ।

ਖ਼ੁਦ ਪ੍ਰਸਤੀ ਖ਼ੱਸਾ ਏ ਨਾਪਾਕ ਤੋ॥੫੩॥
ਆਂ ਕਿ ਜਾ ਕਰਦਾ ਬ-ਮੁਸ਼ਤੇ ਖ਼ਾਕ ਤੋ।

ਅਨੁਵਾਦ:-

ਲੋਚਾ ਦਿਖਾਵੇ ਦੀ ਕਰੇ ਤੈਨੂੰ ਪਲੀਤ।
ਮੁੱਠੀ ਭਰ, ਕਾਇਆ 'ਚ ਜੋ ਬਣ ਬੈਠੀ ਮੀਤ।

ਖ਼ੁਦ ਪ੍ਰਸਤੀ ਖ਼ਾਸਾ ਏ ਨਾਦਾਨ ਤੋ॥੫੪॥
ਖ਼ੁਦ ਪ੍ਰਸਤੀ ਮਾਇਆ ਏ ਈਮਾਨ ਤੋ।

ਅਨੁਵਾਦ:-

ਇਹ ਦਿਖਾਵਾ ਤੇਰੀ ਨਾਦਾਨੀ ਦਾ ਫਲ਼।
ਅਰਾਧਨਾ ਹੈ ਨੇਕ-ਈਮਾਨੀ ਦਾ ਫਲ਼।

ਜਿਸਮੇ ਤੂ ਅਜ਼ ਬਾਦੋ ਖ਼ਾਕੋ ਆਤਸ਼ ਅਸਤ॥੫੫॥
ਕੁਤਰਾ ਏ ਆਬੇ ਜ਼ ਨੂਰੇ ਜ਼ਾਤਸ਼ ਅਸਤ।

ਅਨੁਵਾਦ:—

ਅੱਗ, ਹਵਾ, ਪਾਣੀ ਤੇ ਮਿੱਟੀ ਦਾ ਜਿਸਮ।
ਆਤਮਾ ਦਾ ਕਤਰਾ ਇੱਕ ਬਖ਼ਸ਼ੇ ਰਿਸ਼ਮ।

ਖ਼ਾਨਾ ਅਤ ਅਜ਼ ਨੂਰੇ ਹੱਕ ਰੌਸ਼ਨ ਸ਼ੁਦਾਹ॥੫੬॥
ਯੱਕ ਗੁਲੇ ਬੂਦੀ ਕਜ਼ੋ ਗੁਲਸ਼ਨ ਸ਼ੁਦਾਹ।

ਅਨੁਵਾਦ:—

ਨੂਰ ਓਹਦੇ ਤੋਂ ਜਿਸਮ ਵਿੱਚ ਹੈ ਰੌਸ਼ਨੀ।
ਇੱਕ ਫੁੱਲ ਤੋਂ ਰੂਪ ਬਣਿਆ ਗੁਲਸ਼ਨੀ।

ਪਸ ਦਰੂਨੇ ਗੁਲਸ਼ਨੇ ਖ਼ੁਦ ਸੈਰ ਕੁਨ॥੫੭॥
ਹਮਚੂ ਮੁਰਗ਼ੇ ਕੁਦਸ ਦਰੂਏ ਤੈਰ ਕੁਨ।

ਅਨੁਵਾਦ:—

ਆਪਣੇ ਦਿਲ ਦੇ ਬਾਗ਼ ਅੰਦਰ ਰਾਜ ਕਰ।
ਪੰਛੀਆਂ ਦੇ ਵਾਂਗਰਾਂ ਪਰਵਾਜ਼ ਕਰ।

ਸਦ ਹਜ਼ਾਰਾਂ ਖ਼ੁਲਦ ਅੰਦਰ ਗੋਸ਼ਾ ਅਸਤ॥੫੮॥
ਹਰ ਦੋ ਆਲਮ ਦਾਨਾ ਏ ਅਜ਼ ਖ਼ੋਸ਼ਾ ਅਸਤ।

ਅਨੁਵਾਦ:—

ਸੁਰਗ ਲੱਖਾਂ ਇਸਦੇ ਇੱਕ ਕੋਨੇ 'ਚ ਹਨ।
ਦੋ ਜਹਾਂ ਗੁੱਛੇ ਦੇ ਇੱਕ ਦਾਣੇ 'ਚ ਹਨ।

ਕੁਵੱਤੇ ਆਂ ਮੁਰਗ਼ੇ ਮੁਕੱਦਸ ਯਾਦੇ ਊ॥੫੯॥
ਯਾਦੇ ਊ ਹਾਂ, ਯਾਦੇ ਊ ਹਾਂ, ਯਾਦੇ ਊ।

ਅਨੁਵਾਦ:—

ਭਜਨ, ਬੰਦਗੀ ਪਾਕ ਪੰਛੀ ਦੀ ਖ਼ੁਰਾਕ।
ਯਾਦ ਉਸਦੀ ਪਾਕ ਪੰਛੀ ਦੀ ਖ਼ੁਰਾਕ।

ਹਰ ਕਸੇ ਕੋ ਮਾਇਲੇ ਯਾਦੇ ਖ਼ੁਦਾਸਤ॥੬੦॥
ਖ਼ਾਕੇ ਰਾਹਸ਼ ਤੂਤੀਆ ਏ ਚਸ਼ਮੇ ਮਾਸਤ।

ਅਨੁਵਾਦ:—

ਜਿਸਦੀ ਚਿੱਤ ਬਿਰਤੀ ਹੈ ਘਰ ਰੱਬ ਦਾ ਬਣੀ।
ਧੂੜ ਓਹਦੀ ਅੱਖ ਸਾਡੀ ਦਾ ਸੁਰਮਾ ਬਣੀ।

ਗਰ ਤੁਰਾ ਯਾਦੇ ਖ਼ੁਦਾ ਹਾਸਿਲ ਸ਼ਵਦ॥੬੧॥
ਹੱਲੇ ਹਰ ਮੁਸ਼ਕਿਲ ਤੁਰਾ ਐ ਦਿਲ ਸ਼ਵਦ।

ਅਨੁਵਾਦ:—

ਓਸਦੀ ਭਗਤੀ ਜੇ ਮਨ 'ਚ ਵਸਾ ਲਵੇਂ।
ਮਨ ਦੀਆਂ ਮੰਗੀਆਂ ਮੁਰਾਦਾਂ ਪਾ ਲਵੇਂ।

ਹਰ ਕਿ ਯਾਦੇ ਹੱਕ ਕੁਨਦ ਜ਼ਾਤੇ ਖ਼ੁਦਾਸਤ॥੬੨॥
ਹੱਲ ਹਰ ਮੁਸ਼ਕਿਲ ਹਮੀਂ ਯਾਦੇ ਖ਼ੁਦਾਸਤ।

ਅਨੁਵਾਦ:—

ਜੋ ਕੋਈ ਵੀ ਓਸਦਾ ਸਿਮਰਨ ਕਰੇ।
ਪਰਮਾਤਮਾ ਉਸਦੀ ਹਰ ਇੱਕ ਮੁਸ਼ਕਿਲ ਹਰੇ।

ਦਰ ਹਕੀਕਤ ਗ਼ੈਰ ਹੱਕੇ ਮਨਜ਼ੂਰ ਨੇਸਤ॥੬੩॥
ਕੀਸਤ ਆਂ ਜਾ ਕੇ ਸਰਾਪਾ ਨੂਰ ਨੇਸਤ।

ਅਨੁਵਾਦ:—

ਅਸਲ ਵਿੱਚ ਰੱਬ ਤੋਂ ਬਿਨਾ ਸੰਸਾਰ ਨਾ।
ਰੂਪ ਓਹਦੇ ਬਿਨ ਓਹਦਾ ਪਰਿਵਾਰ ਨਾ।

ਕਤਰਾ ਏ ਨੂਰੀ ਸਰਾਪਾ ਨੂਰ ਬਾਸ਼॥੬੪॥
ਬਗੁਜ਼ਰ ਅਜ਼ ਗ਼ਮ ਦਾਇਮਾ ਮਸਰੂਰ ਬਾਸ਼।

ਅਨੁਵਾਦ:—

ਅਕਸ ਤੂੰ ਚੇਤਨ ਦਾ, ਚੇਤਨ ਹੋ ਕੇ ਰਹਿ।
ਨਿਕਲ ਗ਼ਮ 'ਚੋਂ, ਖ਼ੁਸ਼ ਹੋ, ਗ਼ਮ ਨੂੰ ਖੋ ਕੇ ਰਹਿ।

ਤਾ ਬਕੇ ਦਰਬੰਦ ਗ਼ਮ ਬਾਸ਼ੀ ਮਦਾਮ॥੬੫॥
ਬਗੁਜ਼ਰ ਅਜ਼ ਗ਼ਮ ਯਾਦੇ ਹੱਕ ਕੁਨ ਵਲ ਸਲਾਮ।

ਅਨੁਵਾਦ:—

ਕਦ ਤੀਕ ਗ਼ਮ ਦੀ ਕੈਦ ਵਿੱਚ ਰਹਿਣਾ ਮੁਦਾਮ।
ਗ਼ਮ 'ਚੋਂ ਨਿੱਕਲ, ਨਾਮ ਜਪ, ਮੇਰਾ ਸਲਾਮ।

ਗ਼ਮ ਚਿਹ ਬਾਸ਼ਦ ਗ਼ਫ਼ਲਤ ਅਜ਼ ਯਾਦੇ ਖ਼ੁਦਾ॥੬੬॥
ਚੀਸਤ ਸ਼ਾਦੀ ਯਾਦੇ ਆਂ ਬੇਮੁੰਤਹਾ।

ਅਨੁਵਾਦਃ—

ਚਿੰਤਾ ਕੀ ਹੈ? ਭੁੱਲ ਜਾਣਾ ਰੱਬ ਨੂੰ।
ਖ਼ੁਸ਼ੀ ਕੀ? ਅੰਦਰ ਵਸਾਣਾ ਰੱਬ ਨੂੰ।

ਮਾਅਨੀਏ ਬੇ ਇੰਤਹਾ ਦਾਨੀ ਕਿ ਚੀਸਤ॥੬੭॥
ਆਂ ਕਿ ਊ ਨਾਯਦ ਬ-ਕੈਦੇ ਮਰਗੋ ਜ਼ੀਸਤ।

ਅਨੁਵਾਦਃ—

ਅਰਥ ਉਸ ਬੇਅੰਤ ਦਾ ਵੀ ਯਾਦ ਹੈ।
ਮਰਨ ਜੰਮਣ ਕੈਦੋਂ ਜੋ ਆਜ਼ਾਦ ਹੈ।

ਦਰ ਸਰੇ ਹਰ ਮਰਦੋਜ਼ਨ ਸੌਦਾਏ ਊਸਤ॥੬੮॥
ਦਰ ਦੋ ਆਲਮ ਸ਼ੋਰਸ਼ੇ ਗ਼ੌਗਾ ਏ ਊਸਤ।

ਅਨੁਵਾਦਃ—

ਪ੍ਰੇਮ, ਵਿੱਚ ਹਰ ਮਰਦ-ਜ਼ਨਾਨੀ, ਓਸਦਾ।
ਸ਼ੋਰ, ਗ਼ਮ ਦੋਨੋ ਜਹਾਨੀਂ ਓਸਦਾ।

ਮੰਜ਼ਲੇ ਊ ਬਰ ਜ਼ਬਾਨੇ ਔਲੀਆਸਤ॥੬੯॥
ਰੋਜ਼ੋ ਸ਼ਬ ਕਾਂਦਰ ਦਿਲਸ਼ ਯਾਦੇ ਖ਼ੁਦਾਸਤ।

ਅਨੁਵਾਦਃ—

ਫ਼ੱਕਰਾਂ ਦੇ ਬੋਲਾਂ ਵਿੱਚ ਰਹਿੰਦਾ ਹੈ ਓਹ।
ਰਾਤ ਦਿਨ ਓਹਨਾਂ ਦੇ ਸੰਗ ਖਹਿੰਦਾ ਹੈ ਓਹ।

ਚਸ਼ਮੇ ਊ ਬਰ ਗ਼ੈਰ ਹਰਗਿਜ਼ ਵਾਨਸ਼ੁਦ॥੭੦॥
ਕਤਰਾ ਏ ਊ ਜੁਜ਼ ਸੂਏ ਦਰਿਆ ਨਸ਼ੁਦ।

ਅਨੁਵਾਦਃ—

ਅੱਖ ਨਾ ਓਹ ਮਾਯਾ ਦੇ ਵੱਲ ਖੋਲ੍ਹਦੇ।
ਬੂੰਦ ਇੱਕ ਦਰਿਆ ਬਿਨਾ ਨਾ ਡੋਲ੍ਹਦੇ।

ਬੰਦਾ ਏ ਊ ਸਾਹਿਬੇ ਹਰ ਦੋਸਰਾ॥੭੧॥
ਕੋਨਾ ਬੀਂਨਦ ਗ਼ੈਰ ਨਕਸ਼ੇ ਕਿਬਰੀਆ।

ਅਨੁਵਾਦਃ—

ਉਸਦੇ ਸੇਵਕ ਕੋਲ ਹਨ ਦੋਨੋਂ ਜਹਾਨ।
ਹੋਰ ਕੋਈ ਵੇਖਦਾ ਨਾ ਓਹ ਨਿਸ਼ਾਨ।

ਈਂ ਜਹਾਂ ਓ ਆਂ ਜਹਾਂ ਫ਼ਾਨੀ ਬਵਦ॥੭੨॥
ਗ਼ੈਰ ਯਾਦਸ਼ ਜੁਮਲਾ ਨਾਦਾਨੀ ਬਵਦ।

ਅਨੁਵਾਦ:—

ਇਹ ਜੱਗ ਤੇ ਓਹ ਜੱਗ ਹਨ ਮਰਨਹਾਰ।
ਉਸਦੇ ਸਿਮਰਨ ਵਾਝੋਂ ਸਾਰੇ ਕੰਮ ਬੇਕਾਰ।

ਯਾਦ ਕੁਨ ਹਾਂ ਤਾਸਵਾਨੀ ਯਾਦ ਕੁਨ॥੭੩॥
ਖ਼ਾਨਾ ਰਾ ਅਜ਼ ਯਾਦੇ ਹੱਕ ਆਬਾਦ ਕੁਨ।

ਅਨੁਵਾਦ:—

ਹੋ ਸਕੇ ਜਦ ਤੱਕ ਤੂੰ ਉਸਨੂੰ ਯਾਦ ਕਰ।
ਯਾਦਾਂ ਸਹਾਰੇ ਦਿਲ ਨਗਰ ਆਬਾਦ ਕਰ।

ਈਂ ਦਿਲੇ ਤੋਂ ਖ਼ਾਨਾਏ ਹੱਕ ਬੂਦਾਹ ਅਸਤ॥੭੪॥
ਮਨ ਚਿਹ ਗੋਯਮ ਹੱਕ ਚੁਲੀ ਫ਼ਰਮੂਦਾਹ ਅਸਤ।

ਅਨੁਵਾਦ:—

ਦਿਲ ਤੇਰਾ ਤਾਂ ਓਸਦਾ ਹੀ ਮਕਾਨ ਹੈ।
ਕੀ ਕਹਾਂ ਮੈਂ, ਉਸਦਾ ਫ਼ਰਮਾਨ ਹੈ।

ਸਾਹਿਬਾ ਤੂੰ ਹਮਨਸ਼ੀ ਵ ਹਮਜ਼ੁਬਾਂ॥੭੫॥
ਤੂ ਬਸੂਏ ਹਰ ਕਸ ਐ ਨਾਕਸ ਦਵਾਂ।

ਅਨੁਵਾਦ:—

ਵੀਰ ਮੇਰੇ ! ਹਰ ਸਮੇਂ ਓਹ ਅੰਗ ਸੰਗ।
ਕਮਲਿਆ! ਤੂੰ ਚਾੜ੍ਹਦੈਂ ਸੰਸਾਰ ਰੰਗ।

ਵਾਏ ਤੂ ਬਰ ਜਾਨ ਤੂ ਅਹਿਵਾਲ ਤੂ॥੭੬॥
ਵਾਏ ਬਰ ਈਂ ਗ਼ਾਫ਼ਲਤੋਂ ਅਫ਼ਆਲ ਤੂ।

ਅਨੁਵਾਦ:—

ਤੇਰੇ ਜੀਵਨ ਹਾਲ ਤੇ ਅਫ਼ਸੋਸ ਹੈ।
ਭੁੱਲ ਅਤੇ ਏਮਾਲ ਤੇ ਅਫ਼ਸੋਸ ਹੈ।

ਹਰ ਕਸੇ ਕੋ ਤਾਲਬੇ ਦੀਦਾਰ ਸ਼ੁਦ॥੭੭॥
ਪੇਸ਼ ਚਸ਼ਮਸ਼ ਜੁਮਲਾ ਨਕਸ਼ੇਯਾਰ ਸ਼ੁਦ।

ਅਨੁਵਾਦ:—

ਜੋ ਕੋਈ ਦੀਦਾਰ ਉਸਦਾ ਚਾਹ ਗਿਆ।
ਅੱਖ ਦੇ ਵਿੱਚ ਨੂਰ ਉਸਦਾ ਪਾ ਗਿਆ।

ਦਰਮਿਆਨੇ ਨਕਸ਼ ਨਕੱਸ਼ ਅਸਤੋ ਬਸ॥੭੮॥
ਈਂ ਸੁਖ਼ਨ ਰਾ ਦਰ ਨਯਾਬਦ ਬੁਲਹਵਸ।

ਅਨੁਵਾਦ:—

ਏਸ ਲੀਲਾ ਵਿੱਚ ਲੀਲਾ-ਕਾਰ ਆਪ।
ਪਰ ਸਮਝੂ ਕਦੋਂ ਗੱਲ ਹਵਸੀ ਦੁਨੀਆਂਦਾਰ ਆਪ।

ਗਰ ਤੂ ਮੇਖ਼੍ਵਾਹੀ ਜ਼ਾਇਸ਼ਕੇ ਹੱਕ ਸਬਕ॥੭੯॥
ਯਾਦੇ ਹੱਕ ਕੁਨ ਯਾਦੇ ਹੱਕ ਕੁਨ ਯਾਦੇ ਹੱਕ।

ਅਨੁਵਾਦ:—

ਜੇ ਤੂੰ ਲੈਣੀ ਜਾਂਚ ਉਸਦੇ ਇਸ਼ਕ ਦੀ।
ਬੰਦਗੀ ਕਰ, ਬੰਦਗੀ ਕਰ, ਬੰਦਗੀ।

ਐ ਬਰਾਦਰ ਯਾਦੇ ਹੱਕ ਦਾਨੀ ਕਿ ਚੀਸਤ॥੮੦॥
ਅੰਦਰੂਨੇ ਜੁਮਲਾ ਦਿਲਹਾ ਜਾਏ ਕੀਸਤ।

ਅਨੁਵਾਦ:—

ਭਗਤੀ ਕੀ ਹੈ? ਤੂੰ ਭਰਾਵਾ ਜਾਣ ਦੈਂ।
ਦਿਲਾਂ ਵਿੱਚ ਕਿਸ ਦਾ ਵਸਾਵਾ, ਜਾਣ ਦੈਂ।

ਚੂੰ ਦਰੂਨੇ ਜੁਮਲਾ ਦਿਲਹਾ ਜਾਏ ਊਸਤ॥੮੧॥
ਖ਼ਾਨਾ ਏ ਦਿਲ ਮੰਜ਼ਲੋਂ ਮਾਵਾਏ ਊਸਤ।

ਅਨੁਵਾਦ:—

ਦਿਲਾਂ ਵਿੱਚ ਜਦ ਓਸਦਾ ਅਸਥਾਨ ਹੈ।
ਦਿਲ ਦਾ ਘਰ ਹੀ ਉਸਦਾ ਬਸ ਮਕਾਨ ਹੈ।

ਚੂੰ ਬਦਾਨਿਸਤੀ ਕਿ ਦਰ ਇਲਹਾ ਖ਼ੁਦਾਸਤ॥੮੨॥
ਪਸ ਤੁਰਾ ਆਦਾਬੇ ਹਰ ਦਿਲ ਮੁਦਆਸਤ।

ਅਨੁਵਾਦ:—

ਦਿਲ 'ਚ ਹੈ ਰੱਬ, ਜਦ ਇਹ ਸਾਬਤ ਹੋ ਗਿਆ।
ਫਿਰ ਮੁੱਦਾ ਦਿਲ ਖ਼ੁਸ਼ ਕਰਨ ਬਾਬਤ ਹੋ ਗਿਆ।

ਯਾਦੇ ਹੱਕ ਈਂਸਤ ਦੀਗਰ ਯਾਦ ਨੇਸਤ॥੮੩॥
ਹਰ ਕਿ ਰਾਈਂ ਗ਼ਮ ਨ ਬਾਸ਼ਦ ਸ਼ਾਦ ਨੇਸਤ॥

ਅਨੁਵਾਦ:—

ਯਾਦ ਏਹੋ ਰੱਬ ਦੀ ਹੋਰ ਯਾਦ ਨਾ।
ਫ਼ਿਕਰ ਜਿਸਨੂੰ ਇਹ ਨਹੀਂ, ਓਹ ਸ਼ਾਦ ਨਾ।

ਜ਼ਿੰਦਗੀ ਏ ਆਰਫ਼ਾਂ ਯਾਦੇ ਖ਼ੁਦਾਸਤ ॥੯੪॥
ਅਜ਼ ਖ਼ੁਦਾ ਦੂਰਸਤ ਹਰ ਕਸ ਖ਼ੁਦ ਨਮਾਸਤ।

ਅਨੁਵਾਦ:—

ਸਿਆਣਿਆਂ ਦੀ ਜ਼ਿੰਦਗੀ ਉਸਦਾ ਨੂਰ ਹੈ।
ਜੋ ਹੰਕਾਰੀ ਸ਼ਖ਼ਸ, ਉਸਤੋਂ ਦੂਰ ਹੈ।

ਚੀਸਤ ਗੋਯਾ ਮੁਸ਼ਤ ਖ਼ਾਕ ਬੇਸ਼ ਨੇਸਤ ॥੯੫॥
ਆਂਹਮ ਅੰਦਰ ਇਖ਼ਤਿਆਰੇ ਖ਼੍ਵੇਸ਼ ਨੇਸਤ।

ਅਨੁਵਾਦ:—

ਮਿੱਟੀ ਦੀ ਇੱਕ ਮੁੱਠ ਤੋਂ ਓਹ ਵੱਧ ਨਹੀਂ।
ਇਖ਼ਤਿਆਰੋਂ ਬਾਹਰ ਕੋਈ ਹੱਦ ਨਹੀਂ।

ਹੱਕ ਕਿ ਹਫ਼ਤਾਦੋ ਦੋ ਮਿਲਤ ਆਫ਼ਰੀਦ ॥੯੬॥
ਫ਼ਿਰਕਾ ਏ ਨਾਜੀ ਅਜ਼ਾਂ ਬਾਯਦ ਗਜ਼ੀਦ।

ਅਨੁਵਾਦ:—

ਜੋ ਬਹੱਤਰ ਫ਼ਿਰਕਿਆਂ ਨੂੰ ਬਖ਼ਸ਼ੀ ਜਾਨ।
ਹੈ ਪਸੰਦ ਉਸਨੂੰ ਇਨ੍ਹਾਂ 'ਚੋਂ ਗਿਆਨਵਾਨ।

ਫਿਰਕਾ ਏ ਨਾਜੀ ਬਦਾਂ ਬੇ ਇਸ਼ਤਬਾਹ ॥੯੭॥
ਹਸਤ ਅਫ਼ਤਾਦੋ ਵ ਮਿਲਤ ਰਾ ਪਨਾਹ।

ਅਨੁਵਾਦ:—

ਗਿਆਨਵਾਨਾਂ ਦਾ ਹੀ ਫ਼ਿਰਕਾ ਹੈ ਖ਼ਰਾ।
ਜੋ ਬਹੱਤਰ ਫ਼ਿਰਕਿਆਂ ਦਾ ਆਸਰਾ।

ਮਰਦ ਮਾਨਸ਼ ਹਰ ਯਕੇ ਪਾਕੀਜ਼ਾ ਤਰ ॥੯੮॥
ਖ਼ੂਬ ਰੂ ਓ ਖ਼ੌਫ਼ ਗੋ ਵ ਖ਼ੁਸ਼ ਸਯਰ।

ਅਨੁਵਾਦ:—

ਉਸ ਫ਼ਿਰਕੇ ਦੇ ਮਰਦ ਸਭ ਸਾਫ਼ਦਿਲ।
ਹੱਸਣੇ ਮਿੱਠੇ-ਬੇਲੋੜੇ, ਖ਼ੁਸ਼ ਹੋਣ ਮਿਲ।

ਪੇਸ਼ ਸਾਂ ਜੁਜ਼ ਯਾਦੇ ਹੱਕ ਮਨਜ਼ੂਰ ਨੇਸਤ ॥੯੯॥
ਗ਼ੈਰ ਹਰਫ਼ੇ ਬੰਦਗੀ ਦਸਤੂਰ ਨੇਸਤ।

ਅਨੁਵਾਦ:—

ਬੰਦਗੀ ਬਿਨ ਹੋਰ ਕੁਝ ਮਨਜ਼ੂਰ ਨਾ।
ਬੰਦਗੀ ਬਿਨ ਹੋਰ ਕੁੱਝ ਦਸਤੂਰ ਨਾ।

ਮੇਚਕਦ ਅਜ਼ ਹਰਫ਼ ਸ਼ਾਂ ਕੰਦੋ ਨਬਾਤ॥ ੯੦॥
ਬਾਰਦ ਅਜ਼ ਹਰ ਮੂਏ ਸ਼ਾਂ ਆਯਦ ਹਯਾਤ।

ਅਨੁਵਾਦ:—

ਖੰਡ ਮਿਸ਼ਰੀ ਹੈ ਭਰੀ ਹਰ ਖ਼ਿਆਲ ਵਿੱਚ।
ਚਮਕਦਾ ਅੰਮ੍ਰਿਤ ਹੈ ਹਰ ਇੱਕ ਵਾਲ਼ ਵਿੱਚ।

ਫ਼ਾਰਗ਼ ਅੰਦ ਅਜ਼ ਬੁਗ਼ਜ਼ ਓ ਕੀਨਾ ਵ ਹਸਦ॥੯੧॥
ਬਰ ਨਮੇ ਆਯਦ ਜ਼ਸ਼ਾਂ ਅਫ਼ਆਲ ਬਦ।

ਅਨੁਵਾਦ:—

ਕੀਨੇ ਸਾੜੇ ਤੋਂ ਸਦਾ ਕਰਦਾ ਸ਼ਰਮ।
ਤਾਂ ਜੋ ਹੋਵੇ ਨਾ ਕੋਈ ਭੈੜਾ ਕਰਮ।

ਹਰ ਕਸੇ ਰਾ ਇਜ਼ਤੋ ਹੁਰਮਤ ਦਹੰਦ॥੯੨॥
ਮੁਫ਼ਲਸੇ ਰਾ ਸਾਹਿਬੇ ਦੌਲਤ ਕੁਨੰਦ।

ਅਨੁਵਾਦ:—

ਬਖ਼ਸ਼ਦੇ ਹਰ ਇੱਕ ਨੂੰ ਇੱਜ਼ਤ ਆਬਰੂ।
ਧਨ ਬਖ਼ਸ਼ ਕੰਗਲੇ ਨੂੰ ਕਰਦੇ ਸੁਰਖ਼ਰੂ।

ਮੁਰਦਾਹਾ ਰਾ ਆਬੇ ਹੈਵਾਂ ਮੇਦਹੰਦ॥੯੩॥
ਹਰ ਦਿਲੇ ਪਜ਼ਮੁਰਦਾ ਰਾ ਜਾਂ ਮੇਦਹੰਦ।

ਅਨੁਵਾਦ:—

ਮੁਰਦੇ ਨੂੰ ਤੂੰ ਆਪ ਅਮ੍ਰਿਤ ਬਖ਼ਸ਼ਦੇ।
ਮੁਰਦਾ-ਦਿਲ ਨੂੰ ਆਪ ਹਸਰਤ ਬਖ਼ਸ਼ਦੇ।

ਸਬਜ਼ ਮੇਸਾਜ਼ੰਦ ਚੋਬੇ ਖ਼ੁਸ਼ਕ ਰਾ॥ ੯੪॥
ਬੂਏ ਮੇਬਖ਼ਸ਼ੰਦ ਰੰਗੇ ਬੇਮੁਸ਼ਕ ਰਾ।

ਅਨੁਵਾਦ:—

ਸੁੱਕੀ ਲੱਕੜ ਨੂੰ ਓਹ ਕਰ ਦੇਵਣ ਹਰਾ।
ਖ਼ੁਸ਼ਬੂ ਰਹਿਤ ਹਰ ਮੁਸ਼ਕ ਨੂੰ ਦੇਵਨ ਜਗਾ।

ਜੁਮਲਾ ਅਸਰਾਫ਼ੰਦ ਦਰ ਜ਼ਾਤੋ ਸਿਫ਼ਾਤ॥੯੫॥
ਤਾਲਬੇ ਜ਼ਾਤੰਦ ਖ਼ੁਦ ਹਮਐਨ ਜ਼ਾਤ।

ਅਨੁਵਾਦ:—

ਉੱਚ ਦਰਜੇ ਤੇ ਗੁਣਾਂ ਦੇ ਨਾਲਦੇ।
ਰੱਬ ਹੋ ਕੇ ਵੀ ਉਹ ਰੱਬ ਨੂੰ ਭਾਲ਼ਦੇ।

ਖ਼ੂਏ ਸ਼ਾਂ ਇਲਮੋ ਅਦਬ ਰਾ ਮੁਜ਼ਹਰਅਸਤ॥੯੬॥
ਰੂਏ ਸ਼ਾਂ ਰੌਸ਼ਨ ਜ਼ ਨੂਰੇ ਮਿਹਰ ਅਸਤ।

ਅਨੁਵਾਦ:—

ਇਲਮ ਅਦਬ ਉਸਦੇ ਸੁਭਾਅ 'ਚੋਂ ਉਗਮਦਾ।
ਚਿਹਰਾ ਉਸਦਾ ਸੂਰਜੋਂ ਵੱਧ ਚਮਕਦਾ।

ਮਿਲੱਤੇ ਸ਼ਾਂ ਕੌਮੇ ਮਸਕੀਨਾ ਬਵਦ॥੯੭॥
ਹਰ ਦੋ ਆਲਮ ਸ਼ਾਇਕੇ ਈਨਾ ਬਵਦ।

ਅਨੁਵਾਦ:—

ਗ਼ਰੀਬ ਗੁਰਬੇ ਦਾ ਧਰਮ ਉਸਦਾ ਧਰਮ।
ਲੋੜਦੇ ਦੋਨੋਂ ਜਹਾਨਾਂ ਦਾ ਕਰਮ।

ਕੌਮੇ ਮਸਕੀਂ ਕੌਮੇ ਮਰਦਾਨੇ ਖ਼ੁਦਾਸਤ॥੯੮॥
ਈਂ ਹਮਹ ਫ਼ਾਨੀ ਵ ਊ ਦਾਇਮ ਬਕਾਸਤ॥

ਅਨੁਵਾਦ:—

ਮਸਕੀਨ ਬੰਦੇ ਰੱਬ ਤੋਂ ਟਲਦੇ ਨਹੀਂ।
ਮਰਨਹਾਰੇ ਜੱਗ 'ਚ ਉਹ ਮਰਦੇ ਨਹੀਂ।

ਸੋਹਬਤੇ ਸ਼ਾਂ ਖ਼ਾਕ ਰਾ ਅਕਸੀਰ ਕਰਦ॥੯੯॥
ਲੁਤਫ਼ੇ ਸ਼ਾਂ ਬਰ ਹਰ ਦਿਲੇ ਤਾਸੀਰ ਕਰਦ।

ਅਨੁਵਾਦ:—

ਮੇਲ ਓਹਦਾ ਅਕਸੀਰ ਮਿੱਟੀ ਨੂੰ ਕਰੇ।
ਅਸਰ ਦਾਇਕ ਕ੍ਰਿਪਾ-ਦ੍ਰਿਸ਼ਟੀ ਨੂੰ ਕਰੇ।

ਹਰ ਕਿ ਬਾਏਸ਼ਾਂ ਨਸ਼ੀਨਦ ਯਕ ਦਮੇ॥੧੦੦॥
ਰੋਜ਼ ਫ਼ਰਦਾ ਰਾ ਕੁਜਾ ਦਾਰਦ ਗ਼ਮੇ।

ਅਨੁਵਾਦ:—

ਜਿਸ ਕਿਸੇ ਵੀ ਸਾਧ-ਸੰਗਤ ਹੈ ਕਰੀ।
ਰੋਜ਼ੇ ਕਿਆਮਤ ਦੇ ਹਿਸਾਬੋਂ ਹੈ ਬਰੀ।

ਆਂ ਚਿਹ ਦਰ ਸਦ ਸਾਲਹਾ ਉਮਰੇ ਨਿਆਫ਼ਤ॥੧੦੧॥
ਸੋਹਬਤੇ ਸ਼ਾਂ ਹਮਚੂ ਖ਼ੁਰਸ਼ੀਦਸ਼ ਬਤਾਫ਼ਤ।

ਅਨੁਵਾਦ:—

ਸੈਂਕੜੇ ਸਾਲੀਂ ਵੀ ਜਿਸ ਪਾਇਆ ਨਾ ਓਹ।
ਬਣ ਗਿਆ ਸੂਰਜ ਖ਼ੁਦਾ ਪਾ ਉਸਦੀ ਛੋਹ।

ਮਾ ਕਿਹ ਅਜ਼ ਇਹਸਾਨੇ ਸ਼ਾਂ ਸ਼ਰਮਿੰਦਾਹ ਏਮ॥੧੦੨॥
ਬੰਦਾਹ ਏ ਇਹਸਾਨ ਸ਼ਾਂ ਰਾ ਬੰਦਾਹ ਏਮ।

ਅਨੁਵਾਦ:—

ਇਹਸਾਨ ਉਹਨਾਂ ਦੇ ਕਰਦੇ ਸਾਨੂੰ ਸ਼ਰਮਸਾਰ।
ਅਹਿਸਾਂ ਮੰਦਾਂ ਦੇ ਵੀ ਅਸੀਂ ਹਾਂ ਤਾਬੇਦਾਰ।

ਸਦਾ ਹਜ਼ਾਰਾਂ ਹਮਚੂ ਮਨ ਕੁਰਬਾਨ ਸ਼ਾਂ॥੧੦੩॥
ਹਰ ਚਿਹ ਗੋਯਮ ਕਮ ਬਵਦ ਅਜ਼ ਸ਼ਾਨ ਸ਼ਾਂ।

ਅਨੁਵਾਦ:—

ਮੇਰੇ ਵਰਗੇ ਲੱਖਾਂ ਹੀ ਕੁਰਬਾਨ ਹਨ।
ਮੈਂ ਕੀ ਕਰਾਂ ਤਾਰੀਫ਼, ਓਹ ਉੱਚ ਸ਼ਾਨ ਹਨ।

ਸ਼ਾਨੇ ਸ਼ਾਂ ਬੇਰੂੰ ਬਵਦ ਅਜ਼ ਗੁਫ਼ਤਗੂ॥੧੦੪॥
ਜਾਮਾ ਏ ਸ਼ਾਂ ਪਾਕਹਸਤ ਅਜ਼ ਸ਼ੁਸਤੋ ਸ਼ੂ।

ਅਨੁਵਾਦ:—

ਸ਼ਾਨ ਉਹਨਾਂ ਦੀ ਕਹਿਣ ਸੁਣਨੋਂ ਬਾਹਰ ਹੈ।
ਕੱਪੜੇ ਵਿੱਚ ਧੋਵਣ ਤੋਂ ਵੱਧ ਨਿਖਾਰ ਹੈ।

ਵਾਂ ਯਕੀਂ ਤਾ ਚੰਦ ਈਂ ਦੁਨੀਆਂ ਬਵਦ॥੧੦੫॥
ਆਖ਼ਰਸ਼ ਕਾਰੇ ਤੂ ਬਾ ਮੌਲਾ ਬਵਦ।

ਅਨੁਵਾਦ —

ਸੱਚ ਕਰਕੇ ਜਾਣ, ਜੱਗ ਕਦ ਤੱਕ ਰਹੂ।
ਕੰਮ ਆਖ਼ਰ ਨਾਲ ਰੱਬ ਦੇ ਹੀ ਪਊ।

ਪਸ ਅਜ਼ ਅੱਵਲ ਕੁਨ ਹਦੀਸੇ ਸ਼ਾਹ ਰਾ॥੧੦੬॥
ਪੈਰਵੀ ਕੁਨ ਹਾਦੀਏ ਈਂ ਰਾਹ ਰਾ।

ਅਨੁਵਾਦ —

ਸ਼ੁਰੂ, ਤੋਂ ਕਰਦੇ ਸ਼ੁਰੂ ਆਰਾਧਨਾ।
ਏਸ ਰਾਹੇ ਕਰਲੈ ਧਾਰਨ ਸਾਧਨਾ।

ਤਾ ਤੋ ਹਮ ਯਾਬੀ ਮੁਰਾਦੇ ਉਮਰ ਹਾ॥੧੦੭॥
ਲੱਜ਼ਤੇ ਯਾਬੀ ਜ਼ ਸ਼ੌਕੇ ਕਿਬਰੀਯਾ।

ਅਨੁਵਾਦ —

ਤਾਂ ਜੋ ਤੈਨੂੰ ਮਿਲ ਜਾਏ ਮਨ ਦੀ ਮੁਰਾਦ।
ਪਾ ਪ੍ਰਭ ਦਾ ਪ੍ਰੇਮ ਤੂੰ ਹੋ ਜਾਏਂ ਸ਼ਾਦ।

ਜਾਹਲ ਆਂ ਜਾ ਸਾਹਿਬੇਦਿਲ ਮੇਸ਼ਵਦ॥੧੦੮॥
ਗ਼ਰਕ ਦਰਿਆ਼ ਏ ਬਸਾਹਿਲ ਮੇਸ਼ਵਦ।

ਅਨੁਵਾਦ:—

ਮੂਰਖ ਅਗਿਆਨੀ ਵੀ ਉਸ ਥਾਂ ਸੰਭਲੇ।
ਦਰਿਆ 'ਚ ਡੁੱਬਦਾ ਵੀ ਕਿਨਾਰਾ ਲੱਭ ਲਏ।

ਨਾਕਿਸ ਆਂ ਜਾ ਆਰਫ਼ੇ ਕਾਮਲ ਸ਼ਵਦ॥੧੦੯॥
ਯਾਦੇ ਮੌਲਾ ਹਰ ਕਿਹ ਰਾ ਹਾਸਿਲ ਸ਼ਵਦ।

ਅਨੁਵਾਦ:—

ਉਥੇ ਅਗਿਆਨੀ ਵੀ ਹੋ ਜਾਏ ਗਿਆਨਵਾਨ।
ਜਿਸਨੂੰ ਹੋ ਜਾਏ ਉਸਦੇ ਸਿਮਰਨ ਦਾ ਧਿਆਨ।

ਈਂ ਅਦਬ ਤਾ ਚੀਸਤ ਬਰ ਅਫ਼ਰਾਕੇ ਕਸ॥੧੧੦॥
ਆਂ ਕਿ ਗ਼ਾਫ਼ਲ ਨੇਸਤ ਅਜ਼ ਹੱਕ ਯੱਕ ਨਫ਼ਸ।

ਅਨੁਵਾਦ:—

ਇਹ ਅਦਬ ਉਸ ਬੰਦੇ ਦੇ ਸਿਰ ਤੇ ਤਾਜ ਹੈ।
ਇਕ ਪਲ ਨਾ ਜੋ ਭੁੱਲਦਾ ਉਹਦੀ ਆਵਾਜ਼ ਹੈ।

ਹਰ ਕਸੇ ਰਾ ਨੇਸਤ ਈਂ ਦੌਲਤ ਨਸੀਬ॥੧੧੧॥
ਦਰਦੇ ਸ਼ਾਂ ਰਾ ਨੇਸਤੇ ਗ਼ੈਰਅਜ਼ੂ ਏ ਤਬੀਬ।

ਅਨੁਵਾਦ:—

ਅਦਬ-ਦੌਲਤ ਹਰਿੱਕ ਨੂੰ ਮਿਲ ਸਕਦੀ ਨਹੀਂ।
ਦਾਰੂ ਇਹਦੀ ਹਰ ਵੈਦ ਦੇ ਵੱਸ ਦੀ ਨਹੀਂ।

ਦਾਰੂਏ ਹਰ ਦਰਦ ਰਾ ਯਾਦੇ ਖ਼ੁਦਾਸਤ॥੧੧੨॥
ਜ਼ਾਂ ਕਿ ਦਰ ਹਰਹਾਲ ਹੱਕ ਦਾਰਦ ਰਵਾਸਤ।

ਅਨੁਵਾਦ:—

ਹਰ ਦਰਦ ਦੀ ਦਾਰੂ ਸਿਮਰਨ ਓਸਦਾ।
ਰੱਖੇ ਓਹ ਜਿਸ ਹਾਲ, ਕਾਰਨ ਓਸਦਾ।

ਮੁਰਸ਼ਦੇ ਕਾਮਲ ਹਮਹ ਰਾ ਆਰਜ਼ੂਸਤ॥੧੧੩॥
ਗ਼ੈਰ ਮੁਰਸ਼ਦ ਕਸ ਨਯਾਬਦ ਰਾਹੇ ਦੋਸਤ।

ਅਨੁਵਾਦ:—

ਪੂਰੇ ਗੁਰੂ ਦੀ ਹਰ ਕੋਈ ਇੱਛਾ ਕਰੇ।
ਗੁਰ ਬਿਨਾ ਨਾ ਯਾਰ ਦਾ ਰਸਤਾ ਮਿਲੇ।

ਰਾਹ ਰਵਾਂ ਰਾ ਰਾਹ ਬਿਸਿਆਰ ਆਮਦਾ॥੧੧੪॥
ਰਾਹ ਰਵਾਂ ਰਾ ਰਾਹ ਦਰਕਾਰ ਆਮਦਾ।

ਅਨੁਵਾਦ:—

ਰਾਹੀਆਂ ਲਈ ਰਾਸਤੇ ਤਾਂ ਹਨ ਅਨੇਕ।
ਕੰਮ ਦਾ ਰਾਹ ਢੂੰਡਦਾ ਹੈ ਇੱਕ ਹਰੇਕ।

ਦਮਬਦਮ ਦਰ ਜ਼ਿਕਰੇ ਮੌਲਾ ਹਾਜ਼ਰਾਂਦ॥੧੧੫॥
ਖ਼੍ਰੇਸ਼ ਮਨਜ਼ੂਰੋ ਖ਼ੁਦਾ ਰਾ ਨਾਜ਼ਰਾਂਦ।

ਅਨੁਵਾਦ:—

ਸਾਹ ਸਾਹ ਵਿੱਚ ਮੌਲਾ ਦੀ ਚੌਕੀ ਭਰਨ।
ਆਪਣੇ ਪਿਆਰੇ ਯਾਰ ਦੇ ਦਰਸ਼ਨ ਕਰਨ।

ਮੁਰਸ਼ਦੇ ਕਾਮਲ ਹਮਹ ਬਾਸ਼ਦ ਹਮਾਂ॥੧੧੬॥
ਕਜ਼ ਕਲਾਮਸ਼ ਬੂਏ ਹੱਕ ਬਾਸ਼ਦ ਅਯਾਂ।

ਅਨੁਵਾਦ:—

ਪੂਰਾ ਸਮਝੋ ਹੋਵੰਦਾ ਓਹੀ ਗੁਰੂ।
ਬਚਨ ਜਿਸਦੇ ਕਰਨ ਰੱਬ ਨੂੰ ਰੂਬਰੂ॥

ਹਰ ਕਿਆਯਦ ਪੇਸ਼ ਈਸ਼ਾਂ ਜ਼ੱਰਾ ਵਾਰ॥੧੧੭॥
ਜ਼ੁਦ ਗਰ ਦੋ ਹਮਚੂ ਮਿਹਰ ਨੂਰ ਬਾਰ।

ਅਨੁਵਾਦ:—

ਕੋਲ ਓਹਨਾਂ ਦੇ ਬਣਕੇ ਜ਼ੱਰਾ ਜੋ ਗਿਆ।
ਬਹੁਤ ਜਲਦੀ ਵਾਂਗ ਸੂਰਜ ਹੋ ਗਿਆ।

ਜ਼ਿੰਦਗੀ ਈਂਸਤ ਬੇਚੂੰ ਓ ਚਿਰਾ॥੧੧੮॥
ਬਗੁਜ਼ਰਦ ਈਂ ਉਮਰ ਦਰ ਯਾਦੇ ਖ਼ੁਦਾ।

ਅਨੁਵਾਦ:—

ਯਾਦ ਉਸਦੀ ਵਿੱਚ ਜੀਂਦਾ ਜ਼ਿੰਦਗੀ।
ਨਿਰਵਿਘਨ ਕਰਦਾ ਰਹੇ ਜੋ ਬੰਦਗੀ।

ਖ਼ੁਦ ਪ੍ਰਸਤੀ ਕਾਰ ਨਾਦਾਂ ਆਮਦਾਹ॥੧੧੯॥
ਹੱਕ ਪ੍ਰਸਤੀ ਜ਼ਾਦ ਈਮਾਂ ਆਮਦਾਹ।

ਅਨੁਵਾਦ:—

ਹੰਕਾਰ ਕਰਨਾ ਮੂਰਖਾਂ ਦਾ ਕਰਮ ਹੈ।
ਨਾਮ ਜਪਣਾ ਸਭ ਤੋਂ ਉੱਚਾ ਧਰਮ ਹੈ।

ਹਰ ਦਮੇ ਗ਼ਫ਼ਲਤ ਬਵਦ ਮਰਗੇ ਅਜ਼ੀਮ॥੧੨੦॥
ਹੱਕ ਨਿਗਾਹ ਦਾਰਦ ਜ਼ ਸ਼ੈਤਾਨੇ ਰਹੀਮ।

ਅਨੁਵਾਦ:—

ਵਡਰੋਗ ਹੈ ਹਰ ਸਾਹ 'ਚ ਉਸਨੂੰ ਵਿਸਰਨਾ।
ਰੱਬਾ ਸ਼ਤਾਨਾ ਤੋਂ ਬਚਾਈਂ ਰੱਖਣਾ।

ਆਂਕਿ ਰੋਜ਼ੋ ਸ਼ਬ ਬਿਆਦਸ਼ ਮੁਬਤਲਾਸਤ॥੧੨੧॥
ਈਂ ਮਤਾਅ ਅੰਦਰ ਦੁਕਾਨੇ ਔਲੀਆਸਤ।

ਅਨੁਵਾਦ:—

ਲੀਨ ਜਿਸ ਭਗਤੀ 'ਚ ਰਹਿੰਦਾ ਰਾਤ ਦਿਨ।
ਮਿਲਦੀ ਨਾ ਇਹ ਗੁਣਵਾਨ ਦੀ ਦੁਕਾਨ ਬਿਨ।

ਕਮਤਰੀਨੇ ਬੰਦਾ ਏ ਦਰਗਾਹੇ ਸ਼ਾਂ॥੧੨੨॥
ਬਿਹਤਰ ਅਸਤ ਅਜ਼ ਬਾਦਸ਼ਾਹਾਨੇ ਜਹਾਂ।

ਅਨੁਵਾਦ:—

ਅਦਨਾ ਸੇਵਕ ਵੀ ਜੋ ਹੈ ਦਰਗਾਹ ਦੀ ਸ਼ਾਨ।
ਬਾਦਸ਼ਾਹ ਤੋਂ ਵੀ ਹੈ ਉੱਚਾ ਉਸਦਾ ਮਾਣ।

ਬਸ ਬਜ਼ੁਰਗਾਂ ਕੋਫ਼ਿਦਾਏ ਰਾਹੇ ਸ਼ਾਂ॥੧੨੩॥
ਸੁਰਮਾ ਏ ਚਸ਼ਮਮ ਜ਼ ਖ਼ਾ ਕੇ ਰਾਹੇ ਸ਼ਾਂ।

ਅਨੁਵਾਦ:—

ਕੁਰਬਾਨ ਓਹਨਾਂ ਰਾਹਾਂ ਤੇ ਹੁੰਦੇ ਸ਼ਹਿਨਸ਼ਾਹ।
ਧੂੜ ਉਹਨਾਂ ਦੀ, ਸੁਰਮਾ ਮੇਰੀ ਅੱਖ ਦਾ।

ਹਮਚੁਨੀ ਪੰਦਾਰ ਖ਼ੁਦ ਰਾ ਐ ਅਜ਼ੀਜ਼॥੧੨੪॥
ਤਾ ਸ਼ਵੀ ਐ ਜਾਨੇ ਮਨ ਮਰਦੇ ਤਮੀਜ਼।

ਅਨੁਵਾਦ:—

ਪਿਆਰਿਆ ਤੂੰ ਆਪ ਨੂੰ ਵੀ ਏਵੇਂ ਜਾਣ।
ਤਾਂ ਜੋ ਤੂੰ ਵੀ ਬਣ ਜਾਏਂ ਫਿਰ ਗਿਆਨਵਾਨ।

ਸਾਹਿਬਾਂ ਰਾ ਬੰਦਾ ਬਿਸਿਆਰ ਆਮਦਾਹ॥੧੨੫॥
ਬੰਦਾ ਰਾ ਬਾ ਬੰਦਗੀ ਕਾਰ ਆਮਦਾਹ।

ਅਨੁਵਾਦ:—

ਸਾਧੂਆਂ ਦੇ ਉਂਞ ਹਨ ਸੇਵਕ ਬੜੇ।
ਅਸਲ ਸੇਵਕ ਓਹ ਜੋ ਸੇਵਾ ਕਰੇ।

ਪਸ ਤੁਰਾ ਬਾਯਦ ਕਿ ਖ਼ਿਦਮਤਗਾਰ ਸ਼ਾਂ॥੧੨੬॥
ਬਾਸ਼ੀ ਓ ਹਰਗਿਜ਼ ਨਬਾਸ਼ੀ ਯਾਰ ਸ਼ਾਂ।

ਅਨੁਵਾਦ:—

ਤੈਨੂੰ ਚਾਹੀਦਾ ਹੈ ਕਿ ਸੇਵਕ ਬਣੇਂ।
ਆਪਣੇ ਮਿੱਤਰ ਦੇ ਬਰਾਬਰ ਨਾ ਖੜ੍ਹੇਂ।

ਗਰਚੇਹ ਯਾਰੀ ਦੇਹ ਜ਼ ਗ਼ੈਰ ਅਜ਼ ਸ਼ਾਂ ਕਸ ਅਸਤ॥੧੨੭॥
ਲੇਕ ਦਰ ਗੁਫ਼ਤਨ ਚੁਨੀ ਐਬੇ ਬਸਅਸਤ।

ਅਨੁਵਾਦ:—

ਭਾਵੇਂ ਉਹਨਾਂ ਬਿਨ ਕੋਈ ਹੋਰ ਯਾਰ ਨਾ।
ਪਰ ਜ਼ਬਾਨੋਂ ਬੋਲਣਾ ਦਰਕਾਰ ਨਾ।

ਜ਼ੱਰਾ ਰਾ ਦੀਦਮ ਕਿ ਖ਼ੁਰਸ਼ੀਦੇ ਜਹਾਂ॥੧੨੮।
ਸ਼ੁਦਜ਼ ਫ਼ੈਜ਼ੇ ਸੁਹਬਤੇ ਸਾਹਿਬ ਦਿਲਾਂ।

ਅਨੁਵਾਦ:—

ਦੇਖਿਆ ਜ਼ੱਰ੍ਹਾ ਹੈ ਸੂਰਜ ਦੇ ਸਮਾਨ।
ਸਾਧੂਆਂ ਸੰਗ ਰਹਿਣ ਦਾ ਏਹੋ ਨਿਸ਼ਾਨ।

ਸੋਹਬਤੇ ਸ਼ਾਂ ਸ਼ੌਕ ਹੱਕ ਬਖ਼ਸ਼ਦ ਤੁਰਾ॥੧੨੯॥
ਅਜ਼ ਕਿਤਾਬੇ ਹੱਕ ਸਬਕ ਬਖ਼ਸ਼ਦ ਤੁਰਾ।

ਅਨੁਵਾਦ:—

ਸੰਗ ਉਹਨਾਂ ਦਾ ਬਖ਼ਸ਼ੇਗਾ ਤੈਨੂੰ ਪਿਆਰ।
ਬ੍ਰਹਮ ਵਿੱਦਿਆ ਦਾ ਮਿਲੂ ਪੂਰਨ ਵਿਚਾਰ।

ਜ਼ੱਰਾ ਰਾ ਖ਼ੁਰਸ਼ੀਦ ਅਨਵਰ ਮੇਕੁਨੰਦ॥੧੩੦॥
ਖ਼ਾਕ ਰਾ ਅਜ਼ ਹੱਕ ਮੁਨੱਵਰ ਮੇਕੁਨੰਦ।

ਅਨੁਵਾਦ:—

ਜ਼ੱਰ੍ਹਾ ਵੀ ਸੂਰਜ ਦੇ ਵਾਂਗੂੰ ਚਮਕਦਾ।
ਮਿੱਟੀ ਦਾ ਹਰ ਕਿਣਕਾ ਪੂਰਨ ਦਮਕਦਾ।

ਜਿਸਮੇ ਸ਼ਾਂ ਖ਼ਾਕੀ ਵ ਦਰੂਏ ਨੂਰ ਹੱਕ॥੧੩੧॥
ਅੰਦਰੋਨਸ਼ ਚਾਰ ਸੂ ਵ ਨਾਹ ਤਬਕ।

ਅਨੁਵਾਦ:—

ਜਿਸਮ ਮਿੱਟੀ ਦਾ ਪਰ ਅੰਦਰ ਨੂਰ ਹੈ।
ਚੌਹ ਦਿਸ਼ਾਂ, ਨੌਂ ਖੰਡਾਂ ਸੰਗ ਭਰਪੂਰ ਹੈ।

ਖ਼ਿਦਮਤੇ ਸ਼ਾਂ ਬੰਦਗੀ ਏ ਹੱਕ ਬਵਦ॥੧੩੨॥
ਕਾਂ ਕਬੂਲੇਂ ਕਾਦਰੇ ਮੁਤਲਿਕ ਬਵਦ॥

ਅਨੁਵਾਦ:—

ਸਾਧੂ ਸੇਵਾ ਰੱਬ ਦੀ ਹੈ ਅਰਾਧਨਾ।
ਰੱਬ ਦੇ ਘਰ ਮਨਜ਼ੂਰ ਹੈ ਇਹ ਸਾਧਨਾ।

ਬੰਦਗੀ ਕੁਨ ਆਂ ਕਿ ਓ ਬਾਸ਼ਦ ਕਬੂਲ॥੧੩੩॥
ਕਦਰੇ ਊਰਾ ਕੈ ਬਦਾਨਦ ਹਰ ਜਹੂਲ।

ਅਨੁਵਾਦ:—

ਬੰਦਗੀ ਓਹ ਕਰ ਜੋ ਉਸਨੂੰ ਹੈ ਕਬੂਲ।
ਪਰ ਕਦਰ ਕਦ ਜਾਣੇ ਇਹਦੀ ਹਰ ਇਕ ਜਹੂਲ।

ਚਸ਼ਮੇ ਸਾਂ ਰੌਸ਼ਨ ਜ਼ ਦੀਦਾਰੇ ਅਲਾਹ॥੧੩੪॥
ਦਰ ਲਿਬਾਸ ਅੰਦਰ ਗਦਾ-ਓ-ਬਾਦਸ਼ਾਹ।

ਅਨੁਵਾਦ:—

ਅੱਖ ਉਹਨਾਂ ਦੀ ਵਿੱਚ ਝਲਕਾ ਨੂਰ ਦਾ।
ਫ਼ੱਕਰਾਂ ਦੇ ਭੇਸ ਵਿੱਚ ਓਹ ਬਾਦਸ਼ਾਹ।

ਬਾਦਸ਼ਾਹੀ ਆਂ ਕਿ ਊ ਕਾਇਮ ਬਵਦ॥੧੩੫॥
ਹਮਚੂ ਜ਼ਾਤੇ ਪਾਕ ਹੱਕ ਦਾਇਮ ਬਵਦ।

ਅਨੁਵਾਦ:—

ਬਾਦਸ਼ਾਹੀ ਉਹ ਰਹੇ ਕਾਇਮ ਹਮੇਸ਼।
ਜਿਉਂ ਪਰਮ-ਪਰਮਾਤਮਾ ਦਾਇਮ ਹਮੇਸ਼।

ਰਸਮੇ ਸ਼ਾਂ ਆਈਨ ਦਰਵੇਸ਼ੀ ਬਵਦ॥੧੩੬॥
ਬਾ ਖ਼ੁਦਾ ਵ ਬਾਹਮਹ ਖ਼੍ਵੇਸ਼ੀ ਬਵਦ।

ਅਨੁਵਾਦ:—

ਰਸਮ ਓਹਨਾਂ ਦੀ ਫ਼ਕੀਰੀ ਵਾਂਗਰਾਂ।
ਰੱਬ ਤੇ ਜੱਗ ਸੰਗ ਅਸੀਰੀ ਵਾਂਗਰਾਂ।

ਹਰ ਗਦਾਰਾ ਇੱਜ਼ੋ ਜਾਹੇ ਮੇਦਹੰਦ॥੧੩੭॥
ਦੌਲਤੇ ਬੇ ਇਸ਼ਤਬਾਹੇ ਮੇ ਦਹੰਦ।

ਅਨੁਵਾਦ:—

ਹਰ ਇੱਕ ਅਦਨੇ ਨੂੰ ਬਖ਼ਸ਼ਦੇ ਆਬਰੂ।
ਧਨ ਪ੍ਰਾਪਤ ਕਰ ਜੋ ਹੁੰਦੇ ਸੁਰਖ਼ਰੂ।

ਨਾ ਕਸਾਂਰਾ ਦਰ ਨਜ਼ਰ ਆਰਫ਼ ਕੁਨੰਦ।
ਬੇਦਿਲਾਂ ਰਾ ਸਾਹਿਬੋ ਦਿਲ ਮੇ ਕੁਨੰਦ॥੧੩੮॥

ਅਨੁਵਾਦ:—

ਅਗਿਆਨੀਆਂ ਨੂੰ ਨਜ਼ਰ ਕਰ ਬਖਸ਼ਣ ਗਿਆਨ।
ਨਿਸਚਿਉਂ ਖੁੰਝਿਆਂ ਨੂੰ ਕਰਦੇ ਧਿਆਨਵਾਨ।

ਖ਼ੁਦਪ੍ਰਸਤੀ ਅਜ਼ ਮਯਾਂ ਬਰਦਾਸ਼ਤੰਦ।
ਤੁਖ਼ਮੇ ਹਕ ਦਰ ਕਿਸ਼ਤੇ ਦਿਲਹਾ ਕਾਸ਼ਤੰਦ॥੧੩੯॥

ਅਨੁਵਾਦ:—

ਖ਼ੁਦ-ਪ੍ਰਸਤੀ ਨੂੰ ਹਟਾਕੇ ਸੁੱਟ ਪਰੇ।
ਬੀਜ ਸਿਮਰਨ ਦਾ ਦਿਲਾਂ ਵਿੱਚ ਬੀਜਦੇ।

ਖ਼੍ਵੇਸ਼ਤਨ ਰਾ ਹੇਚ ਮੇਦਾਨੰਦ ਸ਼ਾਂ॥੧੪੦॥
ਹਰਫ਼ੇ ਹੱਕ ਰਾ ਰੋਜ਼ੋ ਸ਼ਬ ਖ਼੍ਵਾਨੰਦ ਸ਼ਾਂ।

ਅਨੁਵਾਦ:—

ਕਰਨ ਆਪਣੇ 'ਚੋਂ ਖ਼ੁਦੀ ਦਾ ਖ਼ਾਤਮਾ।
ਧਿਆਉਣ ਦਿਨ ਤੇ ਰਾਤ ਹੀ ਪ੍ਰਮਾਤਮਾ।

ਤਾ ਕੁਜਾ ਔਸਾਫ਼ੇ ਮਰਦਾਨੇ ਖ਼ੁਦਾਸਤ।
ਅਜ਼ ਹਜ਼ਾਰਾਂ ਗਰ ਯਕੇ ਗੋਯਮ ਰਵਾਸਤ॥੧੪੧॥

ਗੁਣ ਮਹਾਂ ਪੁਰਸ਼ਾਂ ਦੇ ਕਿੰਝ ਵਰਨਣ ਕਰਾਂ।
ਹੈ ਭਲਾ ਜੇ ਬਹੁਤ 'ਚੋਂ ਕੁਝ ਵੀ ਕਹਾਂ।

ਹਮ ਚੁਨਾਂ ਮਰਦਨ ਬਜ਼ੋ ਕਾਂ ਕੀਸਤੰਦ॥੧੪੨॥
ਦੀਗਰਾਂ ਮੁਦੰਦ ਈਂਹਾਂ ਜ਼ੀਸਤੰਦ।

ਅਨੁਵਾਦ:—

ਕੈਸੇ ਹਨ ਉਹ ਪੁਰਸ਼ ਕਰਕੇ ਦੇਖ ਭਾਲ਼।
ਜੀਵੰਦੇ ਉਹ, ਖਾ ਗਿਆ ਹੋਰਾਂ ਨੂੰ ਕਾਲ਼।

ਜ਼ੀਸਤਨ ਰਾ ਮਾਅਨੀਏ ਦਾਨੀ ਕਿ ਚੀਸਤ॥੧੪੩॥
ਐ ਖ਼ੁਸ਼ਾ ਉਮਰੇ ਕਿ ਦਰ ਯਾਦਸ਼ ਬਜ਼ੀਸਤ।

ਅਨੁਵਾਦ:—

ਜਾਣਦੈਂ ਕਿ ਜੀਵ ਦੇ ਹਨ ਅਰਥ ਕੀ?
ਯਾਦ ਵਿੱਚ ਗੁਜ਼ਰੇ ਓਹੀ ਹੈ ਜ਼ਿੰਦਗੀ।

ਮਰਦੇ ਆਰਫ਼ ਜ਼ਿੰਦਾ ਅਜ਼ ਇਰਫ਼ਾਨੇ ਓਸਤ॥੧੪੪।
ਨੇਅਮਤੇ ਹਰ ਦੋ ਜਹਾਂ ਦਰ ਖ਼੍ਵਾਨੇ ਓਸਤ।

ਅਨੁਵਾਦ:—
ਗਿਆਨੀ ਰੱਬ ਦੇ ਗਿਆਨ ਸੰਗ ਜੀਵਤ ਰਹੇ।
ਹਰ ਪਦਾਰਥ ਦੋ ਜਹਾਨਾਂ ਦਾ ਮਿਲੇ।

ਮਾਅਨੀਏ ਈਂ ਜ਼ਿੰਦਗੀ ਯਾਦੇ ਖ਼ੁਦਾਸਤ॥੧੪੫॥
ਕਜ਼ ਤੁਫ਼ੈਲੇ ਜ਼ਿੰਦਾ ਜਾਨੇ ਔਲੀਆਸਤ।

ਅਨੁਵਾਦ:—
ਜੀਣ ਦੇ ਹਨ ਅਰਥ ਰੱਬ ਦੀ ਬੰਦਗੀ।
ਜਿਸਦੇ ਸਹਾਰੇ ਭਗਤਾਂ ਦੀ ਹੈ ਜ਼ਿੰਦਗੀ।

ਜ਼ਿਕਰੇ ਊ ਬਰ ਹਰ ਜ਼ਬਾਂ ਗੋਯਾ ਸ਼ੁਦਾਹ॥੧੪੬॥
ਹਰ ਦੋ ਆਲਮ ਰਾਹੇ ਹੱਕ ਜੋਯਾਂ ਸ਼ੁਦਾਹ।

ਅਨੁਵਾਦ:—
ਰੱਬ ਦਾ ਸਿਮਰਨ ਕਰ ਰਹੀ ਹੈ ਹਰ ਜ਼ੁਬਾਨ।
ਮਿਲਣ ਉਸਦਾ ਭਾਲਦੇ ਦੋਨੋਂ ਜਹਾਨ।

ਜੁਮਲਾਹ ਮੇਖ਼੍ਵਾਨੰਦ ਜ਼ਿਕਰੇ ਜ਼ੂਅਲ ਜਲਾਲ॥੧੪੭॥
ਐ ਜ਼ਹੇ ਕੇਲੋਂ ਜ਼ਹੇ ਫ਼ਰਖ਼ੰਦਾਹ ਕਾਲ॥

ਅਨੁਵਾਦ:—
ਸੰਤ ਧਿਆਉਂਦੇ ਹਰ ਵਕਤ ਪਰਮਤਾਮਾਂ।
ਧੰਨ ਹੈ ਬੋਲੀ ਧੰਨ ਉਹਨਾਂ ਦੀ ਆਤਮਾਂ।

ਕੈਲੋ ਕਾਲੀ ਗਰ ਬਰਾਏ ਹੱਕ ਬਵਦ॥੧੪੮॥
ਅਜ਼ ਬਰਾਏ ਕਾਦਰੇ ਮੁਤਲਿਕ ਬਵਦ।

ਅਨੁਵਾਦ:—
ਸੰਤ ਰੱਬ ਬਾਰੇ ਹੀ ਕਰਨ ਹਰ ਇੱਕ ਗੱਲ।
ਰੱਬ ਬਿਨਾਂ ਨਾ ਹੋਰ ਪਾਉਂਦੇ ਵਲ ਤੇ ਛਲ।

ਯਾਫ਼ਤ ਈਂ ਸਰਮਾਇਆਏ ਉਮਰੇ ਨਸੀਬ॥੧੪੯॥
ਹਸਤ ਅੰਦਰ ਸੋਹਬਤੇ ਈਸ਼ਾਂ ਨਸੀਬ।

ਅਨੁਵਾਦ:—
ਜ਼ਿੰਦਗੀ ਦੀ ਹੈ ਇਹੋ ਦੌਲਤ ਨਸੀਬ।
ਮਿਲਦੀ ਹੈ, ਸੰਤਾਂ ਦੀ ਜੇ ਸੋਹਬਤ ਨਸੀਬ।

ਆਂ ਰਵਾ ਬਾਸ਼ਦ ਦਿਗਰ ਮਨਜ਼ੂਰ ਨੇਸਤ॥੧੫੦॥
ਗ਼ੈਰ ਹਰਫ਼ੇ ਰਾਸਤੀ ਦਸਤੂਰ ਨੇਸਤ।

ਅਨੁਵਾਦ:—

ਯਾਦ ਅੱਲਾ ਬਿਨ ਨਾ ਕੁੱਝ ਮਨਜ਼ੂਰ ਹੈ।
ਸੱਚ ਬੋਲਣ ਬਿਨ ਨਾ ਕੋਈ ਦਸਤੂਰ ਹੈ।

ਸਾਧ ਸੰਗਤ ਨਾਮ ਸ਼ਾਂ ਦਰ ਹਿੰਦਵੀਸਤ॥੧੫੧॥
ਈਂ ਹਮਹ ਤਾਰੀਫ਼ੇ ਸ਼ਾਂ ਏ ਮੌਲਵੀਸਤ।

ਅਨੁਵਾਦ:—

ਸਾਧ-ਸੰਗਤ ਹਿੰਦੀ 'ਚ ਉਸਦਾ ਨਾਮ ਹੈ।
ਤਾਰੀਫ਼ ਏਹੋ ਮਿਤ੍ਰਾ ਉਸਦੀ ਆਮ ਹੈ।

ਸੋਹਬਤੇ ਈਂਸ਼ਾਂ ਬਵਦ ਲੁਤਫ਼ੇ ਖ਼ੁਦਾ॥੧੫੨॥
ਤਾ ਨਸੀਹਤ ਕੁਨ ਸ਼ਵਦ ਈਂ ਰੂਨੁਮਾ।

ਅਨੁਵਾਦ:—

ਰੱਬ ਦੀ ਕਿਰਪਾ ਨਾਲ ਮਿਲਦਾ ਸਾਧ-ਸੰਗ।
ਜਿਸ ਦੀ ਕਿਰਪਾ ਨਾਲ ਇਹ ਖਿੜਦੇ ਨੇ ਰੰਗ।

ਹਰਕਸੇ ਈਂ ਦੌਲਤੇ ਜਾਵੀਦ ਯਾਫ਼ਤ॥੧੫੩॥
ਜ਼ਿੰਦਗੀ ਏ ਉਮਰ ਰਾ ਉਮੀਦ ਯਾਫ਼ਤ।

ਅਨੁਵਾਦ:—

ਜਿਸ ਕਿਸੇ ਨੇ ਵੀ ਹੈ ਇਹ ਧਨ ਪਾ ਲਿਆ।
ਜ਼ਿੰਦਗੀ ਭਰ ਦਾ ਹੀ ਧਨ ਕਮਾ ਲਿਆ।

ਈਂ ਹਮਹ ਫ਼ਾਨੀ ਵ ਆਂ ਬਾਕੀ ਬਦਾਂ॥੧੫੪॥
ਜਾਮ ਇਸ਼ਕੇ ਪਾਕ ਰਾ ਸਾਕੀ ਬਦਾਂ।

ਅਨੁਵਾਦ:—

ਜੱਗ ਫ਼ਾਨੀ ਹੈ, ਤੇ ਓਹ ਮਰਦਾ ਨਹੀਂ।
ਪ੍ਰੇਮ ਪਿਆਲਾ ਓਸਦਾ ਖਰਦਾ ਨਹੀਂ।

ਹਰ ਚਿਹ ਹਸਤ ਅਜ਼ ਸੋਹਬਤੇ ਈਸ਼ਾਂ ਬਵਦ॥੧੫੫॥
ਕਜ਼ ਤੁਫ਼ੈਲਸ਼ ਜੁਮਲਾਹ ਆਬਾਦਾਂ ਬਵਦ।

ਅਨੁਵਾਦ:—

ਸਭ ਪਦਾਰਥ ਓਸਦੀ ਹੀ ਯਾਦ ਹੈ।
ਉਸਦੀ ਕਿਰਪਾ ਨਾਲ ਜੱਗ ਆਬਾਦ ਹੈ।

ਈਂ ਹਮਹ ਆਬਾਦੀ ਅਜ਼ ਯਾਦੇ ਖ਼ੁਦਾਸਤ॥੧੫੬॥
ਗ਼ਾਫ਼ਲ ਅਜ਼ੂਏ ਯੱਕ ਨਫ਼ਸ ਮਰਗੋ ਖ਼ਤਾਸਤ।

ਅਨੁਵਾਦ:—

ਸਾਰਾ ਜੱਗ ਵਸਾ ਰਿਹਾ ਹੈ ਉਸਦਾ ਜਾਪ।
ਭੁੱਲਣਾ ਓਹਨੂੰ ਹੈ ਇੱਕ ਪਲ ਮੌਤ, ਪਾਪ।

ਸੋਹਬਤੇ ਸ਼ਾਂ ਕੀਮੀਆਂ ਬਾਸ਼ਦ ਤੁਰਾ॥੧੫੭॥
ਤਾ ਚਿਹ ਮੇਖ਼੍ਵਾਹੀ ਰਵਾ ਬਾਸ਼ਦ ਤੁਰਾ।

ਅਨੁਵਾਦ:—

ਇੱਕ ਰਸਾਇਣ ਹੈ ਤੇਰੇ ਲਈ ਸਾਧ-ਸੰਗ।
ਜੋ ਵੀ ਚਾਹੇਂ ਪੂਰੀ ਹੋਏ ਹਰੇਕ ਮੰਗ।

ਸੋਹਬਤੇ ਸ਼ਾਂ ਹਾਸਿਲੇ ਈਂ ਜ਼ਿੰਦਗੀ ਅਸਤ॥੧੫੮॥
ਜ਼ਿੰਦਗੀ ਈਂ ਜ਼ਿੰਦਗੀ ਈਂ ਬੰਦਗੀ ਅਸਤ।

ਅਨੁਵਾਦ:—

ਸਾਧ-ਸੰਗਤ ਬਖ਼ਸ਼ਦੀ ਹੈ ਜ਼ਿੰਦਗੀ।
ਜ਼ਿੰਦਗੀ, ਇਹ ਜ਼ਿੰਦਗੀ ਹੈ ਬੰਦਗੀ।

ਗਰ ਤੂੰ ਮੇਖ਼੍ਵਾਹੀ ਕਿ ਮਰਦੇ ਹੱਕ ਸ਼ਵੀ॥੧੫੯॥
ਆਰਫ਼ੇ ਉ ਕਾਮਿਲੇ ਮੁਤਲਕ ਸ਼ਵੀ।

ਅਨੁਵਾਦ:—

ਜੇ ਤੂੰ ਚਾਹੇਂ ਹੋ ਜਾਵਾਂ ਮੈਂ ਗਿਆਨਵਾਨ।
ਸ਼ੁੱਧ ਬ੍ਰਹਮ ਦਾ ਹੋ ਜਾਵਾਂ ਮੈਂ ਇਲਮਦਾਨ।

ਈਂ ਹਮਹ ਕੋ ਸਾਹਿਬੇ ਜਾਹ ਆਮਦੰਦ॥੧੬੦॥
ਅਜ਼ ਬਰਾਏ ਸੋਹਬਤੇ ਸ਼ਾਂ ਆਮਦੰਦ॥

ਅਨੁਵਾਦ:—

ਧੰਨਵਾਨ ਆਏ ਸਾਧ-ਸੰਗਤ-ਦੇ ਲਈ।
ਭੋਗ ਤੇ ਮੋਕਸ਼ ਦੀ ਰੰਗਤ ਦੇ ਲਈ।

ਜ਼ਿੰਦਗੀ ਏ ਸ਼ਾਂ ਜ਼ਫ਼ੈਜ਼ੇ ਸੋਹਬਤ ਅਸਤ॥੧੬੧॥
ਸੋਹਬਤੇ ਸ਼ਾਂ ਆਯਤ ਪੁਰ ਰਹਿਮਤ ਅਸਤ।

ਅਨੁਵਾਦ:—

ਜ਼ਿੰਦਗੀ ਸ਼ਾਹਾਂ ਦੀ ਇਸ ਸੰਗਤੋਂ ਸਫ਼ਲ।
ਸਾਧ-ਸੰਗਤ ਰੱਬ ਦੀ ਪੰਗਤੋਂ ਸਫ਼ਲ।

ਹਰ ਕਸੇ ਰਾ ਸੋਹਬਤੇ ਸ਼ਾਂ ਬਾਯਦਸ਼॥੧੬੨॥
ਤਾ ਅਜ਼ ਦਿਲ ਉਕਦੇ ਗੌਹਰੇ ਬਕੁਸ਼ਾਯਦਸ਼।

ਅਨੁਵਾਦ:—

ਹਰ ਕੋਈ ਉਸਦੀ ਸੰਗਤ ਕਰੇ।
ਤਾਂ ਜੋ ਦਿਲੋਂ ਚੇਤਨ ਤੇ ਜੜ੍ਹ ਨੂੰ ਤੋੜ ਲਏ।

ਸਾਹਿਬੇ ਗੰਜੀਨਾ ਏ ਐ ਬੇਖ਼ਬਰ॥੧੬੩॥
ਲੇਕ ਜ਼ਾਂ ਗੰਜੇ ਤੁਰਾ ਨਬੂਦ ਖ਼ਬਰ।

ਅਨੁਵਾਦ:—

ਤੂੰ ਖ਼ਜ਼ਾਨੇ ਦਾ ਹੈਂ ਮਾਲਕ ਮੂਰਖਾ।
ਪਰ ਏਸਦਾ ਤੈਨੂੰ ਨਹੀਂ ਭੋਰਾ ਪਤਾ।

ਕੈ ਅਜ਼ਾ ਗੰਜੇ ਬਯਾਬੀ ਇਤਲਾਹ॥੧੬੪॥
ਅੰਦਰੂਨੇ ਕੁਫ਼ਲ ਚੂੰ ਬਾਸ਼ਦ ਮਤਾਹ।

ਅਨੁਵਾਦ:—

ਜਾਣ ਵੀ ਕਿੱਦਾਂ ਸਕੇਂਗਾ ਓਸ ਨੂੰ।
ਜੇ ਜਿੰਦੇ ਅੰਦਰ ਬੰਦ ਰੱਖੇਂਗਾ ਓਸਨੂੰ।

ਪਸ ਤੁਰਾ ਲਾਜ਼ਮ ਬਵਦ ਜੋਏ ਕੁਲੀਦ॥੧੬੫॥
ਤਾ ਬਯਾਬੀ ਗੰਜ ਖ਼ੁਫੀਆ ਰਾ ਪਦੀਦ।

ਅਨੁਵਾਦ:—

ਬਸ ਜ਼ਰੂਰੀ ਹੈ ਕਿ ਕੁੰਜੀ ਭਾਲ਼ ਤੂੰ।
ਤਾਂ ਜੋ ਜੁੜੇਂ ਦੱਬੇ ਖ਼ਜ਼ਾਨੇ ਨਾਲ ਤੂੰ।

ਕੁਫ਼ਲ ਬਕੁਸ਼ਾ ਅਜ਼ ਕੁਲੀਦੇ ਨਾਮੇ ਹੱਕ॥੧੬੬॥
ਅਜ਼ ਕਿਤਾਬੇ ਗੰਜ ਮਖ਼ਫ਼ੀ ਖ਼੍ਵਾਂ ਸਬਕ।

ਅਨੁਵਾਦ:—

ਨਾਮ ਕੁੰਜੀ ਨਾਲ ਤਾਲਾ ਖੋਲ੍ਹ ਤੂੰ।
ਛੁਪੇ ਖ਼ਜ਼ਾਨੇ ਵਾਲੀ ਪੁਸਤਕ ਫੋਲ ਤੂੰ।

ਈਂ ਕੁਲੀਦੇ ਨਾਮ ਪੇਸ਼ਾਈਂ ਸ਼ਾਂ ਬਵਦ॥੧੬੭॥
ਮਰਹਮੇ ਦਿਲਹਾਏ ਰੇਸ਼ੋ ਜਾਂ ਬਵਦ।

ਅਨੁਵਾਦ:—

ਕੁੰਜੀ ਏਹੇ ਸਾਧੂਆਂ ਦੇ ਪਾਸ ਹੈ।
ਦਿਲ, ਜਾਨ ਦੇ ਜ਼ਖ਼ਮਾਂ ਦਾ ਮਰਹਮ ਖ਼ਾਸ ਹੈ।

ਚੂੰ ਕਸੇ ਰਾ ਈਂ ਕੁਲੀਦ ਆਯਦ ਬਦਸਤ॥੧੬੮॥
ਸਾਹਿਬੇ ਗੰਜੀਨਾ ਬਾਸ਼ਦ ਹਰ ਕਿ ਹਸਤ।

ਅਨੁਵਾਦ:—

ਜਦ ਕਿਸੇ ਨੂੰ ਵੀ ਇਹ ਚਾਬੀ ਹੱਥ ਲੱਗੇ।
ਕੋਈ ਵੀ ਹੋ, ਮਾਲਕ ਖ਼ਜ਼ਾਨੇ ਦਾ ਬਣੇ।

ਗੰਜ ਰਾ ਚੂੰ ਯਾਫ਼ਤਾ ਜੂਯਾਏ ਗੰਜ॥੧੬੯॥
ਗਸ਼ਤ ਫ਼ਾਰਗ ਅਜ਼ ਹਮਹ ਤਸਵੀਸ਼ੋ ਰੰਜ।

ਅਨੁਵਾਦ:—

ਭਾਲ਼ ਕਰਦਿਆਂ ਜਦ ਖ਼ਜ਼ਾਨਾ ਮਿਲ ਗਿਆ।
ਫ਼ਿਕਰ, ਚਿੰਤਾ 'ਚੋਂ ਬਸ ਓਹ ਫਿਰ ਨਿਕਲਿਆ।

ਆਂ ਹਮ ਅਜ਼ ਮਰਦਾਨੇ ਹੱਕ ਸ਼ੁਦ ਐ ਸ਼ਫੀਕ॥੧੭੦॥
ਜ਼ਾਂਕਿ ਰਾਹੇ ਯਾਫ਼ਤ ਦਰ ਕੂਏ ਰਫ਼ੀਕ।

ਅਨੁਵਾਦ:—

ਮਿਹਰਬਾਨਾ! ਸੰਤ ਉਹ ਵੀ ਹੋ ਗਿਆ।
ਯਾਰ ਦੇ ਰਾਹ ਦਾ ਜੋ ਰਾਹੀ ਹੋ ਗਿਆ।

ਸੋਹਬਤੇ ਸ਼ਾਂ ਜ਼ੱਰਾ ਰਾ ਚੂੰ ਮਾਹ ਕਰਦ॥੧੭੧॥
ਹਰ ਗਦਾ ਰਾ ਸੋਹਬਤੇ ਸ਼ਾਂ ਸ਼ਾਹ ਕਰਦ।

ਅਨੁਵਾਦ:—

ਸਾਧ-ਸੰਗਤ 'ਚੰਨ', 'ਜ਼ੱਰੇ', ਨੂੰ ਕਰੇ।
ਸਹਿਨਸ਼ਾਹ ਹਰ ਇੱਕ ਕਮਲੇ ਨੂੰ ਕਰੇ।

ਰਹਿਮਤੇ ਹੱਕ ਬਾਦ ਬਰ ਸ਼ਾਂ ਜਾਏ ਸ਼ਾਂ॥੧੭੨॥
ਬਰ ਪਿਦਰ ਮਾਦਰ ਵ ਬਰ ਇਬਨਾਏ ਸ਼ਾਂ।

ਅਨੁਵਾਦ:—

ਰਹਿਣ ਸਹਿਣ ਉਸਦੇ ਤੇ ਰੱਬ ਕਿਰਪਾ ਕਰੇ।
ਸ਼ਰਨ ਆਪਣੀ ਵਿੱਚ ਉਹਦਾ ਕੁਨਬਾ ਲਵੇ।

ਹਰਕਿ ਸ਼ਾਂ ਰਾ ਦੀਦ ਹੱਕ ਰਾ ਦੀਦਾਹ ਅਸਤ॥੧੭੩॥
ਖੁਸ਼ ਗੁਲੇ ਅਜ਼ ਬਾਗ਼ ਮੁਹੱਬਤ ਚੀਦਾ ਅਸਤ।

ਅਨੁਵਾਦ:—

ਜਿਸ, ਰੱਬ-ਰੂਪੀ ਸਾਧੂ ਦਾ ਕੀਤਾ ਦਿਦਾਰ।
ਉਸ ਪ੍ਰੇਮ-ਬਾਗ਼ੋਂ ਫੁੱਲ ਚੁਣਿਆ ਨਾਲ ਪਿਆਰ।

ਗੁਲ ਅਜ਼ ਬਾਗ਼ੇ ਮਾਅਰਫ਼ਤ ਬਰ ਚੀਦਨ ਅਸਤ॥੧੭੪॥
ਦੀਦਨੇ ਈਸ਼ਾਂ ਖ਼ੁਦਾ ਰਾ ਦੀਦਨ ਅਸਤ।

ਅਨੁਵਾਦ:—

ਮਾਅਰਫ਼ਤ ਦੇ ਬਾਗ਼ 'ਚੋਂ ਚੁਣਨਾ ਇਹ ਫੁੱਲ।
ਰੱਬ ਦੇ ਦਰਸ਼ਨ ਦੇ ਇਹ ਹੁੰਦਾ ਹੈ ਤੁੱਲ।

ਮੁਸ਼ਕਿਲ ਆਮਦ ਦੀਦਨੇ ਹੱਕ ਰਾ ਬਿਆਨ॥੧੭੫॥
ਮੇਦਹਦ ਈਂ ਜੁਮਲਾਹ ਕੁਦਰਤ ਰਾ ਨਿਸ਼ਾਨ।

ਅਨੁਵਾਦ:—

ਬਹੁਤ ਔਖੇ ਉਸਦੇ ਦਰਸ਼ਨ ਦਾ ਬਿਆਨ।
ਕਿਉਂਕਿ ਇਹ ਕੁਦਰਤ ਦੇ ਹਨ ਸਾਰੇ ਨਿਸ਼ਾਨ।

ਅਜ਼ ਤੁਫ਼ੈਲੇ ਸ਼ਾਂ ਖ਼ੁਦਾ ਰਾ ਦੀਦਾਹ ਅਮ॥੧੭੬॥
ਗੁਲ ਅਜ਼ ਬਾਗ਼ੇ ਮਾਅਰਫ਼ਤ ਬਰ ਚੀਦਾਹ ਅਮ।

ਅਨੁਵਾਦ:—

ਸਾਧੂ-ਦਰਸ਼ਨ ਤੋਂ ਹੀ ਮੈਂ ਤੱਕਿਐ ਖ਼ੁਦਾ।
ਫੁੱਲ ਚੁਣਿਐ ਮਾਅਰਫ਼ਤ ਦੇ ਬਾਗ਼ ਦਾ।

ਦੀਦਨੇ ਹੱਕ ਮਾਅਨੀਏ ਦਾਰਦ ਸ਼ਰੀਫ਼॥੧੭੭॥
ਮਨ ਨੀਮ ਈਂ ਜੁਮਲਾਹ ਏ ਆਂ ਜ਼ਾਤੇ ਸ਼ਰੀਫ਼॥

ਅਨੁਵਾਦ:—

ਰੱਬ ਨੂੰ ਦੇਖਣ ਦੇ ਬੜੇ ਡੂੰਘੇ ਨੇ ਅਰਥ।
ਓਹੀ ਸ਼ੁੱਧ-ਸਰੂਪ ਹੈ ਤੇ ਮੈਂ ਵਿਅਰਥ।

ਹਰ ਕਿ ਊ ਦਾਨਿਸਤ ਈਂ ਹਰਫ਼ੇ ਤਮਾਮ॥੧੭੮॥
ਯਾਫ਼ਤਾ ਈਂ ਗੰਜੇ ਖ਼ੁਫ਼ੀਆ ਰਾ ਮੁਕਾਮ।

ਅਨੁਵਾਦ:—

ਜਾਣ ਲਿਆ ਜਿਸਨੇ ਇਹ ਮਤਲਬ ਤਮਾਮ।
ਭਾਲ਼ਿਆ ਉਸ ਗੁੰਮ-ਖ਼ਜ਼ਾਨੇ ਦਾ ਮੁਕਾਮ।

ਮਾਅਨੀਏ ਹੱਕ ਸੂਰਤੇ ਦਾਰਦ ਨਿਕੋ॥੧੭੯॥
ਸੂਰਤੇ ਹੱਕ ਸੂਰਤੇ ਮਰਦਾਨੇ ਓ।

ਅਨੁਵਾਦ:—

ਰੱਬ ਦੇ ਅਰਥਾਂ ਦੀ ਬੜੀ ਸੂਰਤ ਹੈ ਨੇਕ।
ਐਸੀ ਹੀ ਪਿਆਰੇ ਉਸਦੇ ਰੱਖਦੇ ਅਨੇਕ।

ਖ਼ਿਲਵਤੇ ਈਸ਼ਾਂ ਬਵਦ ਦਰ ਅੰਜਮਨ॥੧੮੦॥
ਵਸਫ਼ੇ ਈਸ਼ਾਂ ਬਰ ਜ਼ਬਾਨੇ ਮਰਦੋਜ਼ਨ।

ਅਨੁਵਾਦ:—

ਭੀੜਾਂ ਵਿੱਚ ਵੀ ਰਹਿੰਦੀ ਏਕਾਂਨਤ ਬੜੀ।
ਤਾਰੀਫ਼ ਉਹਨਾਂ ਦੀ ਕਰਦੇ ਸਭ ਮਰਦ, ਇਸਤਰੀ।

ਜ਼ੀਂ ਖ਼ਬਰ ਵਾਕਫ਼ ਕਸੇ ਬਾਸ਼ਦ ਕਿ ਊ॥੧੮੧॥
ਦਾਰਦ ਅਜ਼ ਸ਼ੌਕੋ ਮੁਹੱਬਤ ਗੁਫ਼ਤਗੂ।

ਅਨੁਵਾਦ:—

ਏਸ ਹਾਲੋਂ ਓਹੀ ਹੁੰਦਾ ਖ਼ਬਰਦਾਰ।
ਗੱਲ ਕਰਦਾ ਨਾਲ ਜੋ ਹੈ ਸ਼ੌਕ ਪਿਆਰ।

ਸ਼ੌਕੋ ਮੌਲਾਯਸ਼ ਗਿਰੇਬਾਂ ਗੀਰ ਸ਼ੁਦ॥੧੮੨॥
ਨਾਕਸੇ ਹਮ ਸਾਹਿਬੇ ਤਦਬੀਰ ਸ਼ੁਦ।

ਅਨੁਵਾਦ:—

ਸ਼ੌਕ ਦੇ ਨਾਲ ਜਿਸਨੇ ਪੱਲਾ ਪਕੜਿਆ।
ਓਹ ਨਾਲਾਇਕ ਵੀ ਹੈ ਲਾਇਕ ਹੋ ਗਿਆ।

ਸ਼ੌਕੇ ਮੌਲਾਯਤ ਚੂ ਬਾਸ਼ਦ ਦਸਤਗੀਰ॥ ੧੮੩॥
ਜ਼ੱਰ੍ਹਾ ਗਿਰਦਦ ਰਸ਼ਕੇ ਖ਼ੁਰਸ਼ੀਦੇ ਮੁਨੀਰ।

ਅਨੁਵਾਦ:—

ਪਿਆਰ ਉਸਦਾ ਜੇ ਤੇਰਾ ਹੱਥ ਫੜ ਲਏ।
ਤਾਂ ਜ਼ੱਰ੍ਹਾ ਵੀ ਸੂਰਜ ਨੂੰ ਮੱਧਮ ਕਰ ਦਏ।

ਬਸਕਿ ਹੱਕ ਮੇਬਾਰਦ ਅਜ਼ ਗੁਫ਼ਤਾਰ ਸ਼ਾਂ॥੧੮੪॥
ਦੀਦਾਹ ਹਾ ਰੌਸ਼ਨ ਸ਼ੁਦ ਅਜ਼ ਅਨਵਾਰ ਸ਼ਾਂ।

ਅਨੁਵਾਦ:—

ਗੱਲ ਉਹਨਾਂ ਦੀ 'ਚੋਂ ਹੈ ਮਿਲਦੀ ਗੱਲ ਨਵੀਂ।
ਤੇਜ ਉਹਨਾਂ ਦੇ ਤੋਂ ਅੱਖਾਂ ਨੂੰ ਰੌਸ਼ਨੀ।

ਰੋਜ਼ੋ ਸ਼ਬ ਬਾਸ਼ੰਦ ਦਰ ਜ਼ਿਕਰਸ਼ ਮਦਾਮ।੧੮੫॥
ਦਰ ਲਿਬਾਸੇ ਦੀਨਵੀ ਮਰਦੇ ਤਮਾਮ।

ਅਨੁਵਾਦ:—

ਰਾਤ ਦਿਨ ਕਰਦੇ ਰਹਿਣ ਆਰਾਧਨਾ।
ਕੰਮਾਂ ਧੰਦਿਆਂ ਵਿੱਚ ਉਸੇ ਦੀ ਸਾਧਨਾ।

ਬਾ ਹਮਹ ਅਜ਼ ਜੁਮਲਾ ਆਜ਼ਾਦੰਦ ਸ਼ਾਂ॥੧੮੬॥
ਦਰ ਹਮਹ ਹਾਲ ਅਜ਼ ਖ਼ੁਦਾ ਸ਼ਾਦੰਦ ਸ਼ਾਂ।

ਅਨੁਵਾਦ:—

ਨਾਲ ਸਭ ਦੇ ਰਹਿੰਦੇ ਵੀ ਰਹਿੰਦੇ ਜੁਦਾ।
ਰੱਬ ਦੀ ਰਹਿਮਤ ਤੋਂ ਖੁਸ਼ ਰਹਿੰਦੇ ਸਦਾ।

ਦਰ ਲਿਬਾਸੇ ਦੀਨਵੀ ਵ ਰਸਮੇ ਦੀਂ॥੧੮੭॥
ਹਮਚੂ ਏਸ਼ਾਂ ਸਾਨੀਏ ਦੀਗਰ ਮਬੀਂ।

ਅਨੁਵਾਦ:—

ਦੁਨੀਆਂ 'ਚ ਰਹਿੰਦੇ, ਧਰਮ ਤੋਂ ਬੇ-ਗੌਰ ਨਾ।
ਸਾਨੀ ਉਹਨਾਂ ਦਾ ਦੂਸਰਾ ਕੋਈ ਹੋਰ ਨਾ।

ਹਮ ਚੁਨਾਂ ਦਰ ਯਾਦੇ ਹੱਕ ਦਾਰੰਦ ਦਸਤ॥੧੮੮॥
ਹੱਕ ਸ਼ਿਨਾਸੋ ਹੱਕ ਪਸੰਦੋ ਹੱਕ ਪ੍ਰਸਤ।

ਅਨੁਵਾਦ:—

ਤਾਕਤ ਐਸੀ ਰੱਖਦੇ ਕਰਕੇ ਬੰਦਗੀ।
ਲੱਭ ਲੈਂਦੇ ਗਿਆਨ, ਪੂਜਾ, ਪ੍ਰੇਮ ਵੀ।

ਦਰ ਲਿਬਾਸੇ ਦੀਨਵੀ ਸਰਤਾ ਕਦਮ॥੧੮੯॥
ਬੀਨੀ ਓ ਗ਼ਾਫ਼ਲ ਨ ਬੀਨੀ ਨੀਮ ਦਮ।

ਅਨੁਵਾਦ:—

ਸਿਰ ਤੋਂ ਪੈਰਾਂ ਤੱਕ ਜੱਗ ਦਾ ਹੈ ਲਿਬਾਸ।
ਹੋਣ ਨਾ ਗ਼ਾਫ਼ਲ ਓਹ ਅੱਧਾ ਵੀ ਸਵਾਸ।

ਆਂ ਖ਼ੁਦਾਏ ਪਾਕ ਸ਼ਾਂ ਰਾ ਪਾਕ ਕਰਦ॥੧੯੦॥
ਗਰਚਿਹ ਜਿਸਮੇ ਸ਼ਾਂ ਜ਼ ਮੁਸ਼ਤੇ ਖ਼ਾਕ ਕਰਦ।

ਅਨੁਵਾਦ:—

ਪਾਕ ਰੱਬ ਨੇ ਉਹਨਾਂ ਨੂੰ ਕੀਤਾ ਹੈ ਪਾਕ।
ਜਿਸਮ ਉਹਨਾਂ ਦਾ ਭਾਵੇਂ ਇੱਕ ਮੁੱਠ ਖ਼ਾਕ।

ਈਂ ਵਜੂਦੇ ਖ਼ਾਕ ਪਾਕ ਅਜ਼ ਯਾਦ ਓਸਤ॥੧੯੧॥
ਜ਼ਾਂਕਿ ਇਨਸਾਂ ਮਜ਼ਹਰੇ ਬੁਨਿਆਦ ਓਸਤ।

ਅਨੁਵਾਦ:—

ਬੰਦਗੀ ਕਾਰਨ ਹੀ ਸ਼ੁੱਧ ਇਨਸਾਨ ਹੈ।
ਰੱਬ ਦੇ ਪਰਗਟ ਹੋਣ ਦਾ ਅਸਥਾਨ ਹੈ।

ਰਸਮੇ ਸ਼ਾਂ ਆਈਨੇ ਦਿਲਦਾਰੀ ਬਵਦ॥੧੯੨॥
ਦਰ ਹਮਹ ਹਾਲ ਅਜ਼ ਖ਼ੁਦਾ ਯਾਰੀ ਬਵਦ।

ਅਨੁਵਾਦ:—

ਢੰਗ ਇਨ੍ਹਾਂ ਦਾ ਲੋਕ-ਦਿਲ ਖ਼ੁਸ਼ ਕਰਨ ਦਾ।
ਹਰ ਹਾਲ ਰੱਬ ਦੀ ਯਾਦ ਅੰਦਰ ਭਰਨ ਦਾ।

ਹਰ ਕਸੇ ਰਾ ਕੈ ਨਸੀਬ ਈਂ ਦੌਲਤ ਅਸਤ॥੧੯੩॥
ਦੌਲਤੇ ਜਾਵੇਦ ਅੰਦਰ ਸੋਹਬਤ ਅਸਤ।

ਅਨੁਵਾਦ:—

ਹਰ ਇੱਕ ਨੂੰ ਇਹ ਦੌਲਤ ਕਦੋਂ ਹੁੰਦੀ ਨਸੀਬ।
ਸਾਧੂਆਂ ਦੇ ਮਿਲਦੀ ਹੈ ਜਾਇਆਂ ਕਰੀਬ।

ਈਂ ਹਮਹ ਅਜ਼ ਸੋਹਬਤੇ ਮਰਦਾਨ ਓਸਤ॥੧੯੪॥
ਦੌਲਤੇ ਹਰ ਦੋ ਜਹਾਂ ਦਰ ਖ਼੍ਵਾਨ ਓਸਤ।

ਅਨੁਵਾਦ:—

ਇਹ ਸੁਭ ਖ਼ਜ਼ਾਨਾ ਓਹਨਾਂ ਦੀ ਸੰਗਤੋਂ ਮਿਲੇ।
ਦੋ ਜਹਾਨਾਂ ਦਾ ਇਹ ਧਨ ਪੰਗਤੋਂ ਮਿਲੇ।

ਸੋਹਬਤੇ ਸ਼ਾਂ ਨਫ਼ਾਅ ਏ ਬਸਿਆਰ ਆਵੁਰਦ॥੧੯੫॥
ਨਖ਼ਲੇ ਜਿਸਮੇ ਖ਼ਾਕ ਹੱਕ ਬਾਰ ਆਵੁਰਦ।

ਅਨੁਵਾਦ:—

ਸੁਹਬਤ ਉਹਨਾਂ ਦੀ ਦਾ ਹੈ ਬੇਅੰਤ ਲਾਭ।
ਲਗਦਾ ਖ਼ਾਕੀ ਬਿਰਖ ਨੂੰ ਫਲ਼ ਬੇ-ਹਿ[illegible]

ਹਮ ਚੁਨੀ ਸੋਹਬਤ ਕੁਜਾ ਦਸਤ ਆਯਦਤ॥੧੯੬॥
ਕਜ਼ ਬਰਾਏ ਮਰਦਮੀ ਮੇ ਸ਼ਾਯਦਤ।

ਅਨੁਵਾਦ:—

ਐਸੀ ਮਿਲ ਸਕਦੀ ਹੈ ਦੱਸ ਸੰਗਤ ਕਦੋਂ।
ਮਰਦਾਨਗੀ ਦੀ ਚਾਹੀਦੀ ਰੰਗਤ ਓਦੋਂ।

ਮਰਦ ਮੇ ਯਾਨੀ ਬਹੱਕ ਪੈਵਸਤਨ ਅਸਤ॥੧੯੭॥
ਗੈਰ ਜ਼ਿਕਰਸ਼ ਅਜ਼ ਹਮਹ ਲਬ ਬਸਤਨ ਅਸਤ।

ਅਨੁਵਾਦ:—

ਹੱਕ ਨਾਲ ਇੱਕ ਮਿੱਕ ਹੋਣਾ ਮਰਦਾਨਗੀ।
ਹੋਰ ਗੱਲ ਤੋਂ ਹੋਂਠ ਰੱਖਣਾ ਬੰਦ ਹੀ।

ਚੂੰ ਦਿਲੇ ਬੰਦਹ ਬਜ਼ਿਕਰਸ਼ ਰਾਹ ਯਾਫ਼ਤ॥੧੯੮॥
ਹਾਸਿਲੇ ਉਮਰੋ ਦਿਲੇ ਆਗਾਹ ਯਾਫ਼ਤ।

ਅਨੁਵਾਦ:—

ਯਾਦ ਦਾ ਰਾਹ ਬੰਦੇ ਨੂੰ ਜਦ ਮਿਲ ਗਿਆ।
ਲਾਭ-ਜੀਵਨ-ਗਿਆਨ ਹੋ ਹਾਸਿਲ ਗਿਆ।

ਜ਼ਾਤਿਸ਼ ਅਜ਼ ਗਰਦੂੰਨ ਗਰਦਾਂ ਦਰ ਗੁਜ਼ਸ਼ਤ॥੧੯੯॥
ਅਜ਼ ਸਰੇ ਦੁਨੀਆਂ ਚੂੰ ਮਰਦਾਂ ਦਰ ਗੁਜ਼ਸ਼ਤ।

ਅਨੁਵਾਦ:—

ਘੁੰਮਦੇ ਅਸਮਾਨ 'ਚੋਂ ਓਹ ਲੰਘ ਗਿਆ।
ਮਰਦਾਂ ਵਾਂਗ ਜਹਾਨ 'ਚੋਂ ਓਹ ਲੰਘ ਗਿਆ।

ਈਂ ਜਹਾਨੋ ਆਂ ਜਹਾਂ ਤਹਿਸੀਂ ਕੁਨਦ॥੨੦੦॥
ਆਂ ਕਿ ਦਿਲ ਅਜ਼ ਜ਼ਿਕਰੇ ਹੱਕ ਰੰਗੀਂ ਕੁਨਦ।

ਅਨੁਵਾਦ:—

ਦੋਨੋਂ ਆਲਮ ਗੁਣ ਉਹਨਾਂ ਦੇ ਗਾਵੰਦੇ।
ਰੱਬ ਦੇ ਰੰਗ ਵਿੱਚ ਜੋ ਖ਼ੁਦ ਨੂੰ ਰੰਗ ਦੇ।

ਦਰ ਵਜੂਦਸ਼ ਆਫ਼ਾਤਬੇ ਨਾਫ਼ਤਾਹ॥੨੦੧॥
ਨਾਮੇ ਹੱਕ ਦਰ ਸੋਹਬਤੇ ਸ਼ਾਂ ਯਾਫ਼ਤਾਹ।

ਅਨੁਵਾਦ:—

ਹੋਂਦ ਓਹਦੀ ਤੋਂ ਗਿਆਨ ਸੂਰਜ ਚਮਕਿਆ।
ਨਾਮ ਰੱਬ ਦਾ ਉਸਦੀ ਸੋਹਬਤ ਤੋਂ ਲਿਆ।

ਨਾਮੇ ਹੱਕ ਅਜ਼ ਬਸਕਿਹ ਰੋਜ਼ੋਸ਼ਬ ਗ੍ਰਿਫ਼ਤ॥੨੦੨॥
ਦਸਤੇ ਊ ਰਾ ਜ਼ਿਕਰੇ ਮੌਲਾ ਦਰ ਗ੍ਰਿਫ਼ਤ।

ਅਨੁਵਾਦ:—

ਨਾਮ ਰੱਬ ਦਾ ਰਾਤ ਦਿਨ ਜੋ ਸਿਮਰਿਆ।
ਉਸਦੇ ਸਿਮਰਨ ਨੇ ਮੇਰਾ ਹੱਥ ਪਕੜਿਆ।

ਜ਼ਿਕਰੇ ਮੌਲਾ ਜ਼ਾਂ ਕਿ ਯਾਰੀ ਦਾਦ ਸ਼ੁਦ॥੨੦੩॥
ਖ਼ਾਨਾ ਏ ਵੀਰਾਂ ਜ਼ ਹੱਕ ਆਬਾਦ ਸ਼ੁਦ।

ਅਨੁਵਾਦ:—

ਜਿਕਰ ਓਹਦਾ ਜਿਸਦਾ ਹੋਇਆ ਮਦਦਗਾਰ।
ਉਜੜੇ ਘਰ ਵਿੱਚ ਆ ਜਾਏ ਬਹਾਰ।

ਜ਼ਿਕਰੇ ਮੌਲਾ ਦੌਲਤੇ ਬਾਸ਼ਦ ਅਜ਼ੀਮ॥੨੦੪॥
ਕੈ ਬਦਸਤ ਆਯਦ ਜ਼ ਗੰਜੇ ਮਾਲੋ ਸੀਮ।

ਅਨੁਵਾਦ:—

ਜ਼ਿਕਰ ਮੌਲਾ ਦਾ ਬੜਾ ਅਨਮੋਲ ਧਨ।
ਸੋਨਾ-ਚਾਂਦੀ ਲਿਆਉਣ ਕਦ ਇਹ ਕੋਲ ਧਨ।

ਹਰ ਕਿ ਰਾ ਹੱਕ ਖ਼੍ਵਾਸਤ ਹੱਕ ਊ ਰਾ ਬਖ਼੍ਵਾਸਤ॥੨੦੫॥
ਸ਼ੌਕੇ ਮੌਲਾ ਬਿਹਤਰੀਨੇ ਕੀਮਿਆਸਤ।

ਅਨੁਵਾਦ:—

ਜਿਸ ਉਹਨੂੰ ਚਾਹਿਆ, ਉਹਨੂੰ ਉਸ ਚਾਹਿਆ।
ਪ੍ਰੇਮ ਮੌਲਾ ਦਾ ਹੈ ਬਿਹਤਰ ਕੀਮੀਆ।

ਗੋਰ ਹੈ ਮਕਸੂਦੇ ਤਨ ਯਾਦੇ ਖ਼ੁਦਾਸਤ॥੨੦੬॥
ਲੇਕਿਨ ਊ ਅੰਦਰ ਜ਼ਬਾਨੇ ਔਲੀਆਸਤ।

ਅਨੁਵਾਦ:—

ਭਾਵੇਂ ਮਕਸਦ ਤਨ ਦਾ ਹੈ ਰੱਬ ਦੀ ਪਛਾਣ।
ਪਰ ਇਹ ਉੱਪਰ ਦਿੱਸੇ ਫ਼ੱਕਰਾਂ ਦੀ ਜ਼ਬਾਨ।

ਪਾਰਸਾਈ ਬਹ ਕਿ ਬਹਿਰੇ ਹੱਕ ਬਵਦ॥੨੦੭॥
ਪਾਦਸ਼ਾਹੀ ਚੀਸਤ ਕੋ ਨਾਹੱਕ ਬਵਦ।

ਅਨੁਵਾਦ:—

ਵਧੀਆ ਫ਼ਕੀਰੀ ਉਹ ਜੋ ਚਾਹੇ ਹੱਕ ਨੂੰ।
ਪਾਦਸ਼ਾਹੀ ਕੀ? ਕਰੇ ਨਾਹੱਕ ਨੂੰ।

ਹਰ ਦੋ ਮੁਸ਼ਤਾਕ ਅੰਦ ਰਿੰਦੋ ਪਾਰਸਾ॥੨੦੮॥
ਤਾਂ ਕਿ ਮੇਖ਼੍ਵਾਹਦ ਖ਼ੁਦਾਏ ਕਿਬਰੀਆ।

ਅਨੁਵਾਦ:—

ਚਾਹੁਣ ਉਹਨੂੰ ਦੋਨੋਂ ਹੀ ਰਿੰਦ ਤੇ ਪਾਰਸਾ।
ਹੁਣ ਦੇਖੋ ਰੱਬ ਨੂੰ ਕੌਣ ਲੱਗਦਾ ਹੈ ਭਲਾ।

ਬੰਦਾਹ ਤਾ ਬਾਸ਼ਦ ਬਰਾਏ ਬੰਦਗੀਸਤ॥੨੦੯॥
ਗ਼ੈਰ ਹਰਫ਼ੇ ਹੱਕ ਹਮਹ ਸ਼ਰਮਿੰਦਗੀਸਤ।

ਅਨੁਵਾਦ:—

ਬੰਦਾ ਤਾਂ ਉਦੋਂ ਹੈ ਜੋ ਬੰਦਗੀ ਕਰੇ।
ਭਜਨ ਬਿਨ ਸਭ ਕੰਮ ਨੇ ਪਸ਼ਚਾਤਾਪ ਦੇ।

ਲੇਕ ਦਰ ਹਾਜ਼ਰ ਕਸੇ ਬਾਸ਼ਦ ਦਰੁਸਤ॥੨੧੦॥
ਆਂ ਕਿ ਆਰਦ ਮੁਰਸਦੇ ਕਾਮਲ ਦਰੁਸਤ।

ਅਨੁਵਾਦ:—

ਪਰ ਉਹੀ ਰੱਬ ਸਾਹਵੇਂ ਪੂਰਾ ਉਤਰੇ।
ਪੂਰਾ ਮੁਰਸ਼ਦ ਆਪਣਾ ਜੋ ਪਰਾਪਤ ਕਰੇ।

ਦੀਨੋ ਦੁਨੀਆ [illegible] ਦੋ ਫ਼ਰਮਾਂ ਦਾਰੇ ਊ॥੨੧੧॥
ਹਰ ਦੋ ਆਲਮ ਸਾਇਕੇ ਦੀਦਾਰੇ ਊ।

ਅਨੁਵਾਦ:—

ਦੀਨੋਂ ਦੁਨੀਆਂ ਦੋਨੋਂ ਹੀ ਕੁਰਬਾਨ ਜਾਣ।
ਦੋਨੋਂ ਜੱਗ ਦਰਸ਼ਨ ਓਹਦੇ ਦੇ ਤਾਲਬਾਨ।

ਹਰ ਕਰਾ ਉਲਫ਼ਤ ਜ਼ ਨਾਮੇ ਹੱਕ ਬਵਦ॥੨੧੨॥
ਦਰ ਹਕੀਕਤ ਆਰਫ਼ੇ ਮੁਤਲਿਕ ਬਵਦ।

ਅਨੁਵਾਦ:—

ਜਿਸ ਕਿਸੇ ਵੀ ਨਾਮ ਰੱਬ ਦਾ ਪਾ ਲਿਆ।
ਅਸਲ ਵਿੱਚ ਹੀ ਬ੍ਰਹਮਗਿਆਨੀ ਹੋ ਗਿਆ।

ਯਾਦੇ ਹੱਕ ਰਾ ਤਾਲਬੇ ਊ ਮੇਕੁਨੰਦ॥੨੧੩॥
ਆਰਫ਼ੇ ਹੱਕ ਜੁਮਲਾ ਨੇਕੋ ਮੇਕੁਨੰਦ।

ਅਨੁਵਾਦ:—

ਰੱਬ ਦੇ ਆਸ਼ਕ ਨਾਮ ਜਪਦੇ ਰੱਬ ਦਾ।
ਗਿਆਨ ਪਾਕੇ ਭਲਾ ਲੋਚਣ ਸਭ ਦਾ।

ਹੱਕ ਹਮਹ ਬਾਸ਼ਦ ਕਿ ਬਾਸ਼ੀ ਬੰਦਾਏ॥੨੧੪॥
ਬੇਅਦਬ ਦਾਇਮ ਜ਼ ਹੱਕ ਸ਼ਰਮਿੰਦਾਏ।

ਅਨੁਵਾਦ —

ਸੱਚ ਹੈ, ਜੋ ਬੰਦਾ ਬਣੇ, ਹੋਏ ਖ਼ਾਕਸਾਰ।
ਬੇਅਦਬ ਹੋਏ ਹਮੇਸ਼ਾ ਸ਼ਰਮਸਾਰ।

ਉਮਰ ਆਂ ਬਾਸ਼ਦ ਕਿ ਊ ਦਰ ਯਾਦਰਫ਼ਤ॥੨੧੫॥
ਉਮਰ ਨ ਬੂਦਆਂ ਕਿ ਉ ਬਰਬਾਦਰਫ਼ਤ।

ਅਨੁਵਾਦ:—

ਉਮਰ ਉਹ ਚੰਗੀ, ਲੰਘੇ ਵਿੱਚ ਯਾਦ ਜੋ।
ਉਮਰ ਕਿਸ ਕੰਮ? ਵਿਸ਼ਿਆਂ ਵਿੱਚ ਬਰਬਾਦ ਜੋ।

ਨਾਤਵਾਨੀ ਬੰਦਗੀ ਕੁਨ ਬੰਦਗੀ॥੨੧੬॥
ਖ਼ੁਸ਼ ਇਲਾਜੇਹਸਤ ਬਹਿਰੇ ਜ਼ਿੰਦਗੀ।

ਅਨੁਵਾਦ:—

ਹੋਵੇ ਜਦ ਤੱਕ, ਬੰਦਗੀ ਕਰ, ਬੰਦਗੀ।
ਇਹ ਸਭ ਤੋਂ ਵਧੀਆ ਹੈ ਇਲਾਜੇ ਜ਼ਿੰਦਗੀ।

ਐ ਖ਼ੁਸ਼ਾ ਦੀਦੇ ਕਿ ਦੀਦੇ ਰੂਏ ਊ॥੨੧੭॥
ਬੰਦਗੀ ਏ ਓਸਤ ਮਕਬੂਲੇ ਨਿਕੂ।

ਅਨੁਵਾਦ:—

ਚੰਗੇ ਦੀਦੇ ਤੱਕਦੇ ਉਸਦਾ ਨੂਰ ਨੇ।
ਜਪ ਤੇ ਤਪ ਉਹਨਾਂ ਦੇ ਸਭ ਮਨਜ਼ੂਰ ਨੇ।

ਈਂ ਜਹਾਂ ਵ ਆਂ ਜਹਾਂ ਅਜ਼ ਹੱਕ ਪ੍ਰਸਤ॥੨੧੮॥
ਲੇਕਨ ਆਂ ਆਦਮ ਬ-ਆਲਮ ਕਮਤ੍ਰਸਤ।

ਅਨੁਵਾਦ:—

ਰੱਬ ਦੀ ਰਚਨਾ ਨੇ, ਇਹ ਦੋਵੇਂ ਜਹਾਨ।
ਹੈ ਵਿਆਪਕ ਹਰ ਜਗਾਹ ਓਹ ਮਿਹਰਬਾਨ।

ਹਰ ਕਸੇ ਕੋ ਬਾ ਖ਼ੁਦਾ ਹਮ ਰੰਗ ਸ਼ੁਦ॥੨੧੯॥
ਵਸਫ਼ੇ ਊ ਦਰ ਮੁਲਕ ਰੂਮੋ ਜੰਗ ਸ਼ੁਦ।

ਅਨੁਵਾਦ:—

ਜੋ ਕੋਈ ਰੰਗ ਓਸਦੇ ਵਿੱਚ ਰੰਗ ਗਿਆ।
ਜ਼ਿਕਰ ਉਸਦਾ ਸਾਰੇ ਜੱਗ ਵਿੱਚ ਫੈਲਿਆ।

ਮਾਅਨੇ ਯੱਕ ਰੰਗ ਆਮਦ ਸ਼ੌਕ ਹੱਕ॥੨੨੦॥
ਬੰਦਾ ਰਾ ਆਰਾਮ ਆਮਦ ਜ਼ੌਕ ਹੱਕ।

ਅਨੁਵਾਦ:—

ਅਰਥ ਇੱਕ ਰੰਗ ਹੋਣ ਦਾ, 'ਰੱਬੀ ਪਿਆਰ'।
ਆਰਾਮ ਪੂਰਨ ਪਾਉਣ ਦਾ, 'ਰੱਬੀ ਪਿਆਰ।'

ਓ ਬਰੰਗੇ ਸਾਹਿਬੇ ਦਰ ਇੱਜ਼ੋ ਜਾਹ॥੨੨੧॥
ਮਾ ਬਰੰਗੇ ਬੰਦਗੀ ਅੰਦਰ ਪਨਾਹ।

ਅਨੁਵਾਦ:—

ਆਪਣੀ ਹਸਤੀ ਨਾਲ ਓਹ ਮਾਲਕ ਰੂਪ ਹੈ।
ਓਹਦੀ ਬੰਦਗੀ ਨਾਲ ਹੀ ਸਾਡਾ ਸਰੂਪ ਹੈ।

ਓ ਬਰੰਗੇ ਸਾਹਿਬੀ ਦਾਰਦ ਨਜ਼ਰ॥੨੨੨॥
ਬੰਦਾਹ ਰਾ ਅਜ਼ ਬੰਦਗੀ ਬਾਸ਼ਦ ਖ਼ਬਰ॥

ਅਨੁਵਾਦ:—

ਹਸਤੀ ਉਸਦੀ ਰੱਖਦੀ ਹਰ ਸ਼ੈ ਨਜ਼ਰ ਵਿੱਚ।
ਬੰਦੇ ਨੂੰ ਮਿਲਦੀ ਬੰਦਗੀ ਉਸਦੀ ਖ਼ਬਰ ਵਿੱਚ।

ਓ ਬਰੰਗੇ ਸਾਹਿਬੀ ਫਰਮਾਂ ਰਵਾ॥੨੨੩॥
ਮਾਂ ਬਰੰਗੇ ਬੰਦਗੀ ਨਿਜ਼ਦਸ਼ ਗਦਾ।

ਅਨੁਵਾਦ:—

ਹਸਤੀ ਕਾਰਨ ਹੀ ਸਾਡਾ ਮਾਲਕ ਹੈ ਓਹ।
ਸਾਡੇ ਵਰਗੇ ਫ਼ੱਕਰਾਂ ਦਾ ਪਾਲਕ ਹੈ ਓਹ।

ਉਮਰ ਹਾ ਜੋਯਾ ਏ ਈਂ ਦੌਲਤ ਸ਼ੁਦੰਦ॥੨੨੪॥
ਸਾਲਹਾ ਮੁਸ਼ਤਾਕ ਈਂ ਸੋਹਬੱਤ ਸ਼ੁਦੰਦ।

ਅਨੁਵਾਦ:—

ਉਮਰ ਬੀਤੀ ਏਸ ਧਨ ਨੂੰ ਲੱਭਦਿਆਂ।
ਸਾਲਾਂ ਦੇ ਸਾਲੀਂ ਸਾਧ-ਸੰਗਤ ਕਰਦਿਆਂ।

ਹਰ ਕਸੇ ਜਾਂ ਜ਼ੱਰਾਏਜ਼ਾਂ ਸ਼ੁਦ ਨਸੀਬ॥੨੨੫॥
ਕਾਂ ਬ-ਖ਼ੂਬੀ ਗਸ਼ਤ ਖ਼ੁਰਸ਼ੀਦੇ ਨਜੀਬ।

ਅਨੁਵਾਦ:—

ਥੋੜ੍ਹਾ ਜਿੰਨਾਂ ਵੀ ਜੋ ਓਹ ਧਨ ਪਾ ਗਿਆ।
ਪੂਰਾ ਹੀ ਓਹ ਵਾਂਗ ਸੂਰਜ ਚਮਕਿਆ।

ਗ਼ੈਰ ਓ ਯਾਨੀ ਜ਼ ਹੱਕ ਗ਼ਫ਼ਲਤ ਬਵਦ॥੨੨੬॥
ਯਾਦੇ ਓ ਸਰਮਾਇਆ ਏ ਦੌਲਤ ਬਵਦ।

ਅਨੁਵਾਦ:—

ਉਸ ਬਿਨਾਂ ਸਭ ਧਨ ਭੁਲਾਵਣ ਯੋਗ ਨੇ।
'ਯਾਦ' ਦੇ ਧਨ ਮਨ 'ਚ ਲਾਵਣ ਯੋਗ ਨੇ।

ਦੀਦਨੇ ਓ ਤਾ ਮੁਯੱਸਰ ਮੇ-ਸ਼ਵਦ।
ਸੋਹਬਤੇ ਮਰਦਾਨੇ ਤਾ ਸਰ ਮੇਸ਼ਵਦ।

ਅਨੁਵਾਦ:—

ਦਰਸ ਓਹਦੇ ਹੋਵੰਦੇ ਮੁਯੱਸਰ ਉਦੋਂ।
ਸਾਧ-ਸੰਗਤ ਅਸਰ ਕਰਦੀ ਹੈ ਜਦੋਂ।

ਹਰਫ਼ੇ ਹੱਕ ਦਰ ਦਿਲ ਅਗਰ ਮਾਵਾ ਕੁਨਦ ।੨੨੮॥
ਦਰ ਬੁਨੇ ਹਰ ਮੂਏ ਊ ਹੱਕ ਜਾ-ਕੁਨਦ।

ਅਨੁਵਾਦ:—

ਯਾਦ ਉਸਦੀ ਅਗਰ ਦਿਲ ਦੇ ਵਿੱਚ ਰਸੇ।
ਹਰ ਵਾਲ ਦੀ ਜੜ ਵਿੱਚ ਫਿਰ ਪ੍ਰਭ ਜਾ ਵਸੇ।

ਹਰ ਕਿ ਖ਼ੁਦਰਾ ਸੂਏ ਹੱਕ ਮੇ ਆਰਦਸ਼॥੨੨੯॥
ਅਜ਼ ਰੁਖ਼ੇ ਓ ਨੂਰ ਹੱਕ ਮੇ ਆਰਦਸ਼।

ਅਨੁਵਾਦ:—

ਜੋ ਸ਼ਖ਼ਸ ਖ਼ੁਦ ਨੂੰ ਹੈ ਰੱਬ ਵੱਲ ਲਿਆਉਂਦਾ।
ਚਿਹਰੇ ਓਹਦੇ ਤੇ ਰੱਬੀ ਨੂਰ ਆਉਂਦਾ।

ਈਂ ਹਮਹ ਫ਼ਜ਼ਲੇ ਜ਼ ਫ਼ੈਜ਼ੇ ਸੋਹਬਤ ਅਸਤ॥੨੩੦॥
ਸੋਹਬਤੇ ਮਰਦਾਨ ਹੱਕ ਖ਼ੁਸ਼ ਦੌਲਤ ਅਸਤ।

ਅਨੁਵਾਦ:—

ਇਹ ਮਹਿਮਾ ਉਸਦੀ ਸਭ ਸੰਗਤ ਲਿਆਵੇ।
ਬਹੁਤ ਵਧੀਆ ਏਸੇ ਲਈ ਦੌਲਤ ਕਹਾਵੇ।

ਹੇਚ ਕਸ ਅਜ਼ ਹਾਲੇ ਸ਼ਾਂ ਆਗਾਹ ਨੇਸਤ॥੨੩੧॥
ਹਰ ਕਹਿ ਓ ਮਾਂਹਿ ਰਾ ਦਰਾਂ ਜਾ ਰਾਹ ਨੇਸਤ।

ਅਨੁਵਾਦ:—

ਕੋਈ ਉਸਦੇ ਹਾਲ ਤੋਂ ਆਗਾਹ ਨਹੀਂ।
ਹਰ ਛੋਟੇ ਵੱਡੇ ਦਾ ਉਥਾਂ ਕੋਈ ਰਾਹ ਨਹੀਂ।

ਦਰ ਨਜ਼ਰ ਆਯੰਦ ਚੂ ਜ਼ਾਤੇ ਅੱਲਾਹ॥੨੩੨॥
ਦਰ ਹਕੀਕਤ ਹਰ ਦੋ ਆਲਮ ਰਾ ਪਨਾਹ।

ਅਨੁਵਾਦ:—

ਦੇਖਣੇ ਨੂੰ ਤਾਂ ਸਰੂਪ ਉਹ ਰੱਬ ਦੇ।
ਦੋਨੋਂ ਜਹਾਨਾਂ ਦੇ ਅਸਲ ਵਿੱਚ ਆਸਰੇ।

ਦਰ ਨਜ਼ਰ ਆਯੰਦ ਹਮਚੂੰ ਜ਼ੱਰ੍ਹਾ ਵਾਰ॥੨੩੩॥
ਦਰ ਹਕੀਕਤ ਹਰ ਕਦਾਮੀ ਸ਼ਾਹਸਵਾਰ।

ਅਨੁਵਾਦ:—

ਦੇਖਣੇ ਨੂੰ ਤਾਂ ਓਹ ਹਨ ਇੱਕ ਜ਼ੱਰ੍ਹਾ ਵਾਰ।
ਅਸਲ ਵਿੱਚ ਹਰ ਇੱਕ ਹੀ ਹੈ ਸ਼ਾਹਸਵਾਰ।

ਦਰ ਕਸਬ ਬਾਸ਼ਿਦ ਆਜ਼ਾਦ ਅਜ਼ ਕਸਬ ॥੨੩੪॥
ਉਮਰ ਗੁਜ਼ਾਰਨੰਦ ਅੰਦਰ ਯਾਦ ਰੱਬ।

ਅਨੁਵਾਦ:—

ਕੰਮਾਂ ਕਾਰਾਂ ਵਿੱਚ ਵੀ ਓਹ ਹਨ ਆਜ਼ਾਦ।
ਕੱਟਦੇ ਨੇ ਜ਼ਿੰਦਗੀ ਕਰ ਰੱਬ ਨੂੰ ਯਾਦ।

ਖ਼੍ਰੇਸ਼ ਰਾ ਚੂੰ ਮੋਰ ਬ ਸ਼ੁਮਾਰੰਦ ਸ਼ਾਂ ॥੨੩੫॥
ਦਰ ਹਕੀਕਤ ਬਿਹਤਰ ਅਜ਼ ਪੀਲੇ ਦਮਾਂ॥

ਅਨੁਵਾਦ:—

ਸਮਝਦੇ ਓਹ ਆਪ ਨੂੰ ਕੀੜੀ ਸਮਾਨ।
ਦਰ ਅਸਲ ਹਾਥੀ ਤੋਂ ਵੀ ਉਹ ਹਨ ਮਹਾਨ।

ਹਰ ਚਿਹ ਮੇਬੀਨੀ ਹਮਹ ਹੈਰਾਨ ਸ਼ਾਂ ॥੨੩੬॥
ਸ਼ਾਨੇ ਸ਼ਾਂ ਬਿਹਤਰ ਬਵਦ ਅਜ਼ ਇਮਤਿਹਾਂ।

ਅਨੁਵਾਦ:—

ਹੈਰਾਨ ਹੈ ਜੋ ਵੀ ਉਹਨਾਂ ਨੂੰ ਵੇਖਦਾ।
ਸੋਚਣੀ ਤੋਂ ਬਾਹਰ ਓਹਨਾਂ ਦਾ ਮਰਤਬਾ।

ਸੋਹਬਤੇ ਮਰਦਾਨੇ ਹੱਕ ਬਾਸ਼ਦ ਕਰਮ ॥੨੩੭॥
ਦੌਲਤੇ ਕਾਂ ਰਾ ਨਬਾਸ਼ਦ ਹੇਚ ਗ਼ਮ।

ਅਨੁਵਾਦ:—

ਰੱਬ ਦੀ ਕਿਰਪਾ ਨਾਲ ਮਿਲਦਾ ਸਾਧ ਸੰਗ।
ਨਾਮ ਦੇ ਧਨ ਬਾਰੇ ਨਾ ਓਹ ਹੋਣ ਦੰਗ।

ਖ਼ੁਦ ਬਜ਼ੁਰਗ ਹਰ ਕਸੇ ਬਾਸ਼ਾਂ ਨਿਸ਼ਸਤ ॥੨੩੮॥
ਓ ਬਜ਼ੁਰਗੀ ਯਾਫ਼ਤ ਹਰ ਨਾਕਸ ਕਿ ਹਸਤ।

ਅਨੁਵਾਦ:—

ਸੰਤ ਖ਼ੁਦ ਓਹ, ਸੰਗੀ ਵੀ ਬਣ ਜਾਣ ਸੰਤ।
ਸੰਗ ਓਹਨਾਂ ਦਾ ਐਬਾਂ ਨੂੰ ਕਰਦਾ ਉੜੰਤ।

ਹਰ ਕਸੇ ਕੋ ਖ਼੍ਰੇਸ ਰਾ ਬਸ਼ਨਾਖ਼ਤਾ ॥੨੩੯॥
ਦਰ ਤਰੀਕੇ ਬੰਦਗੀ ਪਰਦਾਖ਼ਤਾ।

ਅਨੁਵਾਦ:—

ਜਿਸਨੇ ਵੀ ਹੈ ਆਪ ਨੂੰ ਪਹਿਚਾਣਿਆਂ।
ਬੰਦਗੀ ਦਾ ਰਾਹ ਉਸਨੇ ਜਾਣਿਆਂ।

ਈਂ ਜ਼ਮੀਨੋ ਆਸਮਾਂ ਪੁਰ ਅਜ਼ ਖ਼ੁਦਾਸਤ॥੨੪੦॥
ਆਲਮੇ ਹਰ ਸੂ ਦਵਾਂ ਕਾਂ ਸ਼ਹਿ ਕੁਜਾਸਤ।

ਅਨੁਵਾਦ:—

ਰੱਬ ਸਾਰੇ ਧਰਤ ਆਕਾਸ਼ ਵਿੱਚ ਭਰਪੂਰ ਹੈ।
ਸੰਸਾਰ ਫਿਰਦਾ ਭੱਜਿਆ, ਕਿੱਥੇ ਨੂਰ ਹੈ।

ਦੀਦਾ ਪੁਰ ਦੀਦਾਰੇ ਹੱਕ ਗ਼ਰ ਮੁਬਤਲਾਸਤ॥੨੪੧॥
ਹਰ ਚਿਹ ਮੇਬੀਨੀ ਬਚਸ਼ਮਤ ਹੱਕ ਨਮਾਸਤ।

ਅਨੁਵਾਦ:—

ਅੱਖ ਜੋ ਹੱਕ ਦੇ ਦਰਸ਼ਨਾਂ ਤੇ ਵਿਕ ਗਈ।
ਹਰ ਚੀਜ਼ ਵਿੱਚ ਫਿਰ ਸ਼ਕਲ ਉਸਦੀ ਟਿਕ ਗਈ।

ਹਰ ਕਿ ਸ਼ਾਂ ਰਾ ਦੀਦ ਹੱਕ ਰਾ ਦੀਦਾਹ ਅਸਤ॥੨੪੨॥
ਊ ਤਰੀਕੇ ਬੰਦਗੀ ਫ਼ਹਿਮੀਦਾ ਅਸਤ।

ਅਨੁਵਾਦ:—

ਰੱਬ-ਦਰਸ਼ਨ ਹੀ ਹੈ ਦਰਸ਼ਨ ਸੰਤ ਦਾ।
ਜੋ ਕਰੇ, ਉਸ ਬੰਦਗੀ ਨੂੰ ਸਮਝਿਆ।

ਤਰਜ਼ ਯੱਕਰੰਗੀ ਅਜਬ ਰੰਗ ਆਰਦਸ਼॥੨੪੩॥
ਅੱਜ਼ ਬਦਨ ਨੂਰੇ ਖ਼ੁਦਾ ਮੇ ਬਾਰਦਸ਼।

ਅਨੁਵਾਦ:—

ਉਸ ਨਜ਼ਰ ਨੇ ਨਜ਼ਰ ਵਿੱਚ ਲਿਆਂਦੀ ਬਹਾਰ।
ਹੋਂਦ ਓਹਦੀ ਰੱਬ ਨੂੰ ਕਰਦੀ ਆਸ਼ਕਾਰ।

ਊ ਬਰੰਗੇ ਸਾਹਿਬੇ ਮਾ ਹਸਤੋ ਬੂਦ॥੨੪੪॥
ਬੰਦਗੀ ਦਾਇਮ ਬਆਦਾਬੋ ਸਜੂਦ।

ਅਨੁਵਾਦ:—

ਰੱਬ ਸਾਡੇ ਸਾਹਿਬ ਦੇ ਰੰਗ ਵਿੱਚ ਹਮੇਸ਼।
ਬੰਦਾ ਜੁੜਿਆ ਭਗਤੀ ਦੇ ਢੰਗ ਵਿੱਚ ਹਮੇਸ਼।

ਓ ਬਰੰਗੇ ਸਾਹਿਬੇ ਇਰਸ਼ਾਦ ਊ॥੨੪੫॥
ਬੰਦਗੀ ਸਰ ਤਾ ਕਦਮ ਬੁਨਿਆਦੇ ਊ।

ਅਨੁਵਾਦ:—

ਪਰਮਾਤਮਾ ਤਾਂ ਇੱਕ ਵਾਂਗੂੰ ਸਾਹਿਬ ਹੈ।
ਇਨਸਾਨ ਹੁਕਮੀ ਬੰਦਗੀ ਵਿੱਚ ਮਹਿਵ ਹੈ।

ਸਾਹਿਬੀ ਬਾ ਸਾਹਿਬਾਂ ਜ਼ੇਬਦ ਮੁਦਾਮ॥੨੪੬॥
ਬੰਦਾ ਰਾ ਦਰ ਬੰਦਗੀ ਬਾਸ਼ਦਕਿਆਮ।

ਅਨੁਵਾਦ:—

ਸ਼ੋਭਾ ਸਾਹਿਬਾਂ ਦੀ ਹੀ ਹੈ ਸਜਦੀ ਸਦਾ।
ਇਨਸਾਨ ਦਾ ਬੰਦਗੀ 'ਚ ਹੀ ਰਹਿਣਾ ਭਲਾ।

ਸਾਹਿਬਾਂ ਰਾ ਸਾਹਿਬੀ ਬਾਸ਼ਦ ਸ਼ਆਰ॥੨੪੭॥
ਬੰਦਾ ਰਾ ਦਰ ਬੰਦਗੀ ਫ਼ਸਲੇ ਬਹਾਰ॥

ਅਨੁਵਾਦ:—

ਸਾਹਿਬਾਂ ਦੀ ਸਾਹਿਬੀ ਹੈ ਵੱਡ ਆਚਾਰ।
ਬੰਦਿਆਂ ਨੂੰ ਬੰਦਗੀ ਵਿੱਚ ਹੀ ਬਹਾਰ।

ਸਾਹਿਬਾਂ ਰਾ ਸਾਹਿਬੀ ਦਾਇਮ ਬਵਦ॥੨੪੮॥
ਬੰਦਾ ਦਰ ਹਮ ਬੰਦਗੀ ਕਾਇਮ ਬਵਦ।

ਅਨੁਵਾਦ:—

ਸਾਹਿਬ ਸਦਾ ਇਕ ਰਸ ਰਹਿਣ ਵਿੱਚ ਸਾਹਿਬੀ।
ਬੰਦਾ ਸਦਾ ਕਾਇਮ ਰਹੇ ਵਿੱਚ ਬੰਦਗੀ।

ਅਜ਼ ਬਰਾਏ ਆਂ ਕਿ ਤੂ ਸਰਗਸ਼ਤਹ ਏ॥੨੪੯॥
ਅਜ਼ ਪਏ ਦੁਨੀਆਂ ਜ਼ ਹੱਕ ਬਰਗਸ਼ਤਾਹ ਏ।

ਅਨੁਵਾਦ:—

ਜਿਸ ਲਈ ਫਿਰਦਾ ਹੈਂ ਯਾਰਾ ਭਟਕਦਾ।
ਤੁੱਛ ਹੈ ਓਹ, ਹੋ ਜਾਣਾ ਹੈ, ਉਸਨੇ ਫ਼ਨਾਹ।

ਦੌਲਤੇ ਗੀਤੀ ਨਾ ਬਾਸ਼ਦ ਪਾਇਦਾਰ॥੨੫੦॥
ਯੱਕ ਨਫ਼ਸ ਦਿਲ ਰਾ ਬਸੂਏ ਹੱਕ ਬਿਆਰ।

ਅਨੁਵਾਦ:—

ਨਾਸ਼ ਹੋਵਣਹਾਰ ਹੈ ਧਨ ਜੱਗ ਦਾ।
ਥੋੜਾ ਜਿਹਾ ਦਿਲ ਇਸ ਲਈ ਉਸ ਵੱਲ ਲਗਾ।

ਚੂੰ ਦਿਲੇ ਤੂ ਮਾਇਲੇ ਯਾਦੇ ਖ਼ੁਦਾਸਤ॥੨੫੧॥
ਆਂ ਖ਼ੁਦਾਏ ਪਾਕ ਕੈ ਅਜ਼ ਤੂ ਜੁਦਾਸਤ।

ਅਨੁਵਾਦ:—

ਦਿਲ ਤੇਰਾ ਜਦ ਯਾਦੇ ਦੇ ਵਿੱਚ ਲੱਗ ਗਿਆ।
ਫਿਰ ਖ਼ੁਦਾਏ ਪਾਕ ਹੈ ਦੱਸ ਕਦ ਜੁਦਾ।

ਗਰ ਤੂ ਬਾਸ਼ੀ ਗ਼ਾਫ਼ਲ ਅਜ਼ ਫ਼ਿਕਰੇ ਬੁਲੰਦ॥੨੫੨॥
ਤੂ ਕੁਜਾ ਵਾ ਓ ਕੁਜਾ ਐ ਹੋਸ਼ਮੰਦ।

ਅਨੁਵਾਦ:—

ਜੋ ਬੇਖ਼ਬਰ ਹੈਂ, ਕੀ ਉਹਦੇ ਉੱਚ ਮਰਤਬੇ।
ਸਮਝ ਫਿਰ ਕਿ ਤੂੰ ਕਿਤੇ ਤੇ ਓਹ ਕਿਤੇ।

ਯਾਦੇ ਊ ਬੁਨਿਆਦੇ ਉਮਰੇ ਜਾਵਿਦਾਂ॥੨੫੩॥
ਯਾਦੇ ਊ ਸਰਮਾਇਆ ਏ ਸਾਹਿਬ ਦਿਲਾਂ।

ਅਨੁਵਾਦ:—

ਜੀਣ ਦਾ ਕਾਰਣ ਸਦਾ ਲਈ ਬੰਦਗੀ।
ਬੰਦਗੀ ਹੀ ਪੂੰਜੀ ਹੈ ਭਗਤਾਂ ਲਈ।

ਯਾਦੇ ਊ ਦਰਦੇ ਦੋ ਆਲਮ ਰਾ ਦਵਾ॥੨੫੪॥
ਯਾਦੇ ਊ ਹਰ ਗੁਮਸ਼ੁਦਾਹ ਰਾ ਰਾਹਨੁਮਾ।

ਅਨੁਵਾਦ:—

ਯਾਦ ਓਹਦੀ ਦੋਨਾਂ ਜਹਾਨਾਂ ਦੀ ਦਵਾ।
ਯਾਦ ਹੀ ਭੁੱਲੜਾਂ ਨੂੰ ਦੱਸੇ ਰਾਸਤਾ।

ਯਾਦੇ ਊ ਈਂ ਜੁਮਲਾ ਰਾ ਲਾਜ਼ਮ ਬਵਦ॥੨੫੫॥
ਹਰ ਕਿ ਗ਼ਾਫ਼ਲ ਸ਼ੁਦ ਅਜ਼ ਊ ਮੁਲਜ਼ਮ ਬਵਦ॥

ਅਨੁਵਾਦ:—

ਯਾਦ ਹੀ ਲਾਜ਼ਮ ਹੈ ਸਭ ਸੰਸਾਰ ਨੂੰ।
ਭੁੱਲਦਾ ਓਹ ਹਰ ਇੱਕ ਗੁਨਾਹ ਗਾਰ ਨੂੰ।

ਯਾ ਇਲਾਹੀ ਬੰਦਾਹ ਰਾ ਤੌਫ਼ੀਕ ਦੇਹ॥੨੫੬॥
ਤਾ ਬਿਆਦਤ ਬਗੁਜ਼ਰੰਦ ਉਮਰ ਬੇਹ।

ਅਨੁਵਾਦ:—

ਐ ਖ਼ੁਦਾ! ਹਰ ਬੰਦੇ ਨੂੰ ਤੌਫ਼ੀਕ ਦੇਹ।
ਜ਼ਿੰਦਗੀ ਤੇਰੀ ਯਾਦ ਵਿੱਚ ਪੂਰੀ ਕਰੇ।

ਉਮਰ ਆਂ ਬਾਸ਼ਦ ਕਿ ਦਰ ਯਾਦੇ ਖ਼ੁਦਾ॥੨੫੭॥
ਬਗੁਜ਼ਰ ਦੀਗੰਰ ਨਬਾਸ਼ਦ ਮੁਦੱਆ।

ਅਨੁਵਾਦ:—

ਉਮਰ ਓਹ ਜੋ ਕਰਦੀ ਗੁਜ਼ਰੇ ਬੰਦਨਾ।
ਕੋਈ ਸੰਸਾਰੀ ਨਾ ਹੋਵੇ ਕਾਮਨਾ।

ਮੁੱਦਆ ਬਿਹਤਰ ਜੁਜ਼ ਅਜ਼ ਯਾਦ ਨੇਸਤ॥੨੫੮॥
ਗ਼ੈਰ ਯਾਦਸ਼ ਈਂ ਦਿਲੋ ਮਾਸ਼ਾਦ ਨੇਸਤ।

ਅਨੁਵਾਦ:—

ਯਾਦ ਤੋਂ ਬਿਹਤਰ ਨਹੀਂ ਕੋਈ ਕਾਮਨਾ।
ਯਾਦ ਬਿਨ ਦਿਲ ਸਾਡਾ ਹੋਵੇ ਸ਼ਾਦਨਾ।

ਸ਼ਾਦੀਏ ਦਾਇਮ ਬਵਦ ਯਾਦੇ ਖ਼ੁਦਾ॥੨੫੯॥
ਐ ਜ਼ਹੇ ਦੌਲਤ ਕਿ ਬਾਸ਼ਦ ਰਹਿਨੁਮਾ।

ਅਨੁਵਾਦ:—

ਸਦਾ ਆਨੰਦ ਹੈ ਖ਼ੁਦਾ ਦੀ ਯਾਦ ਦਾ।
ਅਜਬ ਦੌਲਤ ਹੈ ਜੇ ਬਣ ਜਾਏ ਰਹਿਨੁਮਾ।

ਗਰਚਿਹ ਹੱਕ ਦਰ ਜੁਮਲਾ ਏ ਇਲਾਹ ਬਵਦ॥੨੬੦॥
ਲੇਕ ਆਰਫ਼ ਸਾਹਿਬੇ ਈਮਾਂ ਬਵਦ।

ਅਨੁਵਾਦ:—

ਰਖਦਾ ਹੈ ਭਾਵੇਂ ਉਹ ਹਰ ਦਿਲ ਵਿੱਚ ਮੁਕਾਮ।
ਪਰ ਜਾਨਣੇ ਵਾਲਾ ਹੀ ਹੁੰਦਾ ਗਿਆਨਵਾਨ।

ਚਸ਼ਮੇ ਆਕਿਲ ਮਾਇਲ ਦੀਦਾਰ ਸ਼ੁਦ॥੨੬੧॥
ਮਰਦੇ ਆਰਿਫ਼ ਵਾਕਫ਼ੇ ਅਸਰਾਰ ਸ਼ੁਦ।

ਅਨੁਵਾਦ:—

ਅੱਖ ਆਕਲ ਦੀ ਕਰੇ ਦਰਸ਼ਨ ਦੀ ਚਾਹ।
ਅਕਲਮੰਦ ਵਾਕਫ਼ ਹੈ ਉਸਦੇ ਭੇਦ ਦਾ।

ਸੋਹਬਤੇ ਮਰਦਾਨੇ ਹੱਕ ਰਾ ਦੋਸਤ ਦਾਰ॥੨੬੨॥
ਤਾ ਤੋ ਹਮ ਗਰਦੀ ਜ਼ਮਿਸਲਸ਼ ਨਾਮਦਾਰ।

ਅਨੁਵਾਦ:—

ਸਾਧ-ਸੰਗਤ ਨਾਲ ਰੱਖ ਤੂੰ ਦੋਸਤੀ।
ਤਾਂ ਜੋ ਸ਼ੋਹਰਤ ਹੋਏ ਤੇਰੇ ਨਾਮ ਦੀ।

ਹਰ ਚਿਹ ਹਸਤ ਅਜ਼ ਸੋਹਬਤੇ ਏਸ਼ਾਂ ਬਵਦ॥੨੬੩॥
ਜ਼ਾਂ ਕਿ ਜਿਸਮੇ ਸ਼ਾਂ ਸਿਰਾਪਾ ਜਾਂ ਸ਼ਵਦ।

ਅਨੁਵਾਦ:—

ਹਰ ਪਦਾਰਥ ਸਾਧ-ਸੰਗਤ ਤੋਂ ਮਿਲੇ।
ਜਿਸਮ ਚੇਤਨ-ਰੂਪ ਓਹਨਾਂ ਦੇ ਧਾਰਦੇ।

ਮਰਦੁਮਾਨੇ ਦੀਦਾਹ ਰੋਸ਼ਨ ਸ਼ੁਦ ਅਜ਼ੂ ॥੨੬੪॥
ਖ਼ਾਕ ਜੁਮਲਾ ਜਿਸਮ ਗੁਲਸ਼ਨ ਸ਼ੁਦ ਅਜ਼ੂ।

ਅਨੁਵਾਦ:—

ਪੁਤਲੀਆਂ ਰੌਸ਼ਨ ਅੱਖਾਂ ਵਿੱਚ ਏਸ ਤੋਂ।
ਜਿਸਮ ਦੀ ਮਿੱਟੀ ਖਿੜੀ ਇਸ ਵੇਸ ਤੋਂ।

ਐ ਜ਼ਹੇ ਸੋਹਬਤ ਕਿ ਖ਼ਾਕ ਅਕਸੀਰ ਕਰਦ ॥੨੬੫॥
ਨਾ ਕਸੇ ਰਾ ਸਾਹਿਬੇ ਤਦਬੀਰ ਕਰਦ।

ਅਨੁਵਾਦ:—

ਵਾਹ ਓਹ ਸੰਗ! ਮਿੱਟੀ ਕਰੇ ਅਕਸੀਰ ਜੋ।
ਨਾ ਲਾਇਕ ਨੂੰ ਵੀ ਸਾਹਿਬੇ ਤਦਬੀਰ ਓਹ।

ਗੌਹਰੋ ਲਾਅਲੋ ਜਵਾਹਰ ਪੇਸ਼ ਸ਼ਾਂ ॥੨੬੬॥
ਹਰ ਦਮੇ ਕੌ ਬਗੁਜ਼ੁਰਦ ਦਰ ਯਾਦੇ ਆਂ।

ਅਨੁਵਾਦ:—

ਕੋਲ ਓਹਨਾਂ ਦੇ ਹੀਰੇ, ਮੋਤੀ, ਜਵਾਹਰ, ਲਾਲ।
ਦਮ ਓਹਨਾਂ ਦਾ ਜੋ ਵੀ ਗੁਜ਼ਰੇ ਯਾਦ ਨਾਲ।

ਈਂ ਜਵਾਹਰ ਹਾ ਹਮਹ ਫ਼ਾਨੀ ਬਵਦ ॥੨੬੭॥
ਯਾਦੇ ਹੱਕ ਬਰ ਬੰਦਾ ਅਰਜ਼ਾਨੀ ਬਵਦ।

ਅਨੁਵਾਦ:—

ਇਹ ਹੀਰੇ ਮੋਤੀ ਜਵਾਹਰ ਸਭ ਹੋਣੇ ਤਬਾਹ।
ਯਾਦ ਅੱਲਾ ਦੀ ਨੇ ਹੀ ਰਹਿਣਾ ਸਦਾ।

ਰਸਮੇ ਮਰਦਾਨੇ ਖ਼ੁਦਾ ਦਾਨੀ ਕਿ ਚੀਸਤ ॥੨੬੮॥
ਫ਼ਾਰਗ਼ ਅੰਦ ਅਜ਼ ਕੈਦ ਹਾਏ ਮਰਗੋ ਜ਼ੀਸਤ।

ਅਨੁਵਾਦ:—

ਸਾਰ ਵੀ ਹੈ ਫੱਕਰਾਂ ਦੀ ਰਸਮ ਦੀ?
ਮਰਨ ਜੰਮਣ ਕੈਦ ਤੋਂ ਓਹ ਹਨ ਬਰੀ।

ਯੱਕ ਨਫ਼ਸ ਬੇ ਯਾਦੇ ਹੱਕ ਨਗੁਜ਼ਾਸ਼ਤੰਦ ॥੨੬੯॥
ਖ਼ੁਸ਼ ਅਲਮ ਬਰ ਨੁਹ ਤਬਕ ਅਫ਼ਰਾਸ਼ਤੰਦ॥

ਅਨੁਵਾਦ:—

ਇੱਕ ਸਾਹ ਨੀ ਯਾਦ ਬਿਨ ਐਵੇਂ ਗਿਆ।
ਝੰਡਾ ਨੌ ਤਬਕਾ ਤੇ ਸੁੰਦਰ ਝੁੱਲਿਆ।

ਖ਼ੈਰ ਖ਼੍ਾਹੇ ਜੁਮਲਾ ਏ ਪੈਦਾਇਸ਼ ਅੰਦ॥੨੭੦॥
ਜ਼ੇਬ ਬਖ਼ਸ਼ ਈਂ ਹਮਹ ਆਰਾਯਸ਼ ਅੰਦ।

ਅਨੁਵਾਦ:—

ਫੱਕਰ ਚਾਹੁੰਦੇ ਸਾਰੇ ਹੀ ਜੱਗ ਦਾ ਭਲਾ।
ਓਹਨਾਂ ਤੋਂ ਹੀ ਸੰਸਾਰ ਦੀ ਹੈ ਸੁੰਦਰਤਾ।

ਨਾਮੇ ਹੱਕ ਮਰਦਾਨੇ ਹੱਕ ਰਾ ਜ਼ੇਵਰ ਅਸਤ॥੨੭੧॥
ਜਿਸਮੇ ਸ਼ਾਂ ਅਜ਼ ਨੂਰੇ ਹੱਕ ਪੁਰ ਗੌਹਰ ਅਸਤ।

ਅਨੁਵਾਦ:—

ਨਾਮ ਰੱਬ ਦਾ ਫੱਕਰਾਂ ਦਾ ਹੈ ਸ਼ਿੰਗਾਰ।
ਜਿਸਮਾਂ ਤੇ ਰੋਸ਼ਨ ਮੋਤੀਆਂ ਦਾ ਹੈ ਅੰਬਾਰ।

ਹਰਫ਼ੇ ਸ਼ਾਂ ਤਾਅਲੀਮੇ ਉਮਰੇ ਜਾ ਵਿਦਾਂ॥੨੭੨॥
ਯਾਦੇ ਹੱਕ ਦਾਰੰਦ ਦਾਯਮ ਬਰ ਜ਼ੁਬਾਂ।

ਅਨੁਵਾਦ:—

ਬੋਲ ਸਦ ਜੀਵਤ ਰਹਿਣ ਦੀ ਸਿੱਖਿਆ।
ਯਾਦ ਰੱਬ ਦੀ ਜੀਭ ਤੇ ਰੱਖਦੇ ਸਦਾ।

ਹਰ ਚਿਹ ਮੇ ਗੋਯੰਦ ਇਰਸ਼ਾਦਸਤ ਬੱਸ॥੨੭੩॥
ਬਰ ਨਮੇ ਆਰੰਦ ਜੁਜ਼ ਹੱਕ ਯੱਕ ਨਫ਼ਸ।

ਅਨੁਵਾਦ:—

ਹੁਕਮ ਰੱਬ ਦੇ ਬਿਨ ਓਹ ਕੁੱਝ ਕਹਿੰਦੇ ਨਹੀਂ।
ਯਾਦ ਬਿਨ ਇੱਕ ਸਾਹ ਵੀ ਲੈਂਦੇ ਨਹੀਂ।

ਈਂ ਹਮਹ ਮੁਸ਼ਤਾਕ ਦੀਦਾਰੇ ਖ਼ੁਦਾਸਤ॥੨੭੪॥
ਬੋਸਤਾਨੇ ਦੈਹਰ ਗੁਲਜ਼ਾਰੇ ਖ਼ੁਦਾਸਤ।

ਅਨੁਵਾਦ:—

ਸਾਰੇ ਜੱਗ ਨੂੰ ਸਿੱਕ ਰੱਬ ਦੀਦਾਰ ਦੀ।
ਬਾਗੋ ਦੁਨੀਆਂ ਹੈ ਖ਼ੁਦਾ ਦਾ ਬਾਗ ਹੀ।

ਹਰ ਕਿ ਬਾ ਮਰਦਾਨੇ ਹੱਕ ਸ਼ੁਦ ਆਸ਼ਨਾ॥੨੭੫॥
ਸਾਇਆ ਏ ਊ ਬਿਹਤਰ ਅਜ਼ ਬਾਲੇ ਹੁਮਾ।

ਅਨੁਵਾਦ:—

ਜਿਸ ਕਿਸੇ ਨੇ ਸਾਧ ਸੰਗਤ ਹੈ ਕਰੀ।
ਹੁਮਾਂ ਦੇ ਬਾਜ਼ੂ ਤੋਂ ਵੱਧ ਛਾਂ ਓਸਦੀ।

ਯਾਦੇ ਹੱਕ ਯਾਨੀ ਜ਼ਖ਼ੁਦ ਬਗੁਜ਼ਸ਼ਤਨ ਅਸਤ॥੨੭੬॥
ਅਜ਼ ਖ਼ਿਆਲੇ ਗ਼ੈਰ ਹੱਕ ਦਾਰੁਸਤਨ ਅਸਤ।

ਅਨੁਵਾਦ:—

ਯਾਦੇ ਹੱਕ ਹੈ ਨਾਮ ਖ਼ੁਦ ਤੋਂ ਪਾਰ ਦਾ।
ਹਰ ਪਦਾਰਥ ਤਿਆਗਣਾ ਸੰਸਾਰ ਦਾ।

ਰੁਸਤਗੀ ਅਜ਼ ਖ਼੍ਵੇਸ਼ਤਨ ਵਾਰਸਤਗੀਸਤ॥੨੭੭॥
ਬਾ ਖ਼ੁਦਾਏ ਖ਼੍ਵੇਸ਼ਤਨ ਦਿਲ ਬਸਤਗੀਸਤ।

ਅਨੁਵਾਦ:—

ਖ਼ਾਲੀ ਖ਼ੁਦੀ ਤੋਂ ਹੋ ਕੇ ਹੈ ਮਿਲਦੀ ਨਜਾਤ।
ਰੱਬ ਨਾਲ ਇੱਕ ਮਿੱਕ ਹੋ ਜਾਵਣ ਦੀ ਬਾਤ।

ਹਰ ਕਸੇ ਕੋ ਬਾ ਖ਼ੁਦਾ ਦਿਲ ਬਸਤਹ ਅਸਤ॥੨੭੮॥
ਊ ਅਜ਼ ਚਰਖ਼ੇ ਨੂਹ ਤਬਕ ਬਗਜ਼ਸਤਹ ਅਸਤ।

ਅਨੁਵਾਦ:—

ਜੋ ਵੀ ਰੱਬ ਦੇ ਨਾਲ ਪੂਰਨ ਮਿਲ ਗਿਆ।
ਅਸਮਾਨ ਦੇ ਨੌਂ ਪਰਦਿਓਂ ਨਿੱਕਲ ਗਿਆ।

ਸੋਹਬਤੇ ਦਿਲ ਬਸਤਗਾਨੇ ਬਾ ਖ਼ੁਦਾ॥੨੭੯॥
ਕੈ ਮੁਯੱਸਰ ਆਇਦਤ ਈਂ ਕੀਮਿਆ।

ਅਨੁਵਾਦ:—

ਭੇਦ ਜੋ ਭਗਤਾਂ ਨੇ ਪਾਇਆ ਰੱਬ ਤੋਂ।
ਇਹ ਰਸਾਇਣ ਤੈਨੂੰ ਮਿਲ ਸਕਦੀ ਕਦੋਂ।

ਦੀਨੋ ਦੁਨੀਆਂ ਹਰ ਦੋ ਹੈਰਾਂ ਮਾਂਦਹ ਅੰਦ॥੨੮੦॥
ਪਸਜ਼ ਹੈਰਾਨੀ ਪਸ਼ੇਮਾਂ ਮਾਂਦਹ ਅੰਦ।

ਅਨੁਵਾਦ:—

ਦੀਨ ਦੁਨੀਆਂ ਦੋਨੋਂ ਹੀ ਹੈਰਾਨ ਹਨ।
ਇਸ ਹੈਰਾਨੀ ਤੋਂ ਬਹੁਤ ਪਸ਼ੇਮਾਨ ਹਨ।

ਹਰ ਕਿ ਰਾ ਈਂ ਆਰਜ਼ੂਏ ਪਾਕ ਹਸਤ॥੨੮੧॥
ਮੁਰਸ਼ਦੇ ਊ ਸਾਹਿਬੇ ਇਦਰਾਕ ਹਸਤ।

ਅਨੁਵਾਦ:—

ਜਿਸ ਕਿਸੇ ਦੀ ਹੈ ਪਵਿੱਤਰ ਆਰਜ਼ੂ।
ਗਿਆਨ ਤੋਂ ਭਰਪੂਰ ਹੈ ਉਸਦਾ ਗੁਰੂ।

ਵਾਸਲਾਨੇ ਹੱਕ ਤੁਰਾ ਵਾਸਲ ਕੁਨਦ॥੨੮੨॥
ਦੌਲਤੇ ਜਾਵੇਦ ਰਾ ਹਾਸਲ ਕੁਨਦ।

ਅਨੁਵਾਦ:—

ਉਸ ਤੱਕ ਜੋ ਪੁੱਜੇ ਤੈਨੂੰ ਵੀ ਪਹੁੰਚਾਉਣਗੇ।
ਦੌਲਤ ਸਦੀਵੀ ਓਸ ਪਾਸੋਂ ਪਾਉਣਗੇ।

ਦੌਲਤੇ ਜਾਵੀਦ ਪੇਸ਼ੇ ਆਰਫ਼ ਅਸਤ॥੨੮੩॥
ਈਂ ਸੁਖ਼ਨ ਮਸ਼ਹੂਰ ਬਸ ਮੁਤਆਰਫ਼ ਅਸਤ।

ਅਨੁਵਾਦ:—

ਦੌਲਤ ਸਦੀਵੀ ਗਿਆਨਵਾਨਾਂ ਪਾਸ ਹੈ।
ਗੱਲ ਇਹ ਮਸ਼ਹੂਰ ਆਮੋ ਖ਼ਾਸ ਹੈ।

ਆਰਫ਼ਾਂ ਵ ਕਾਮਲਾਨੋ ਵਾਸਲਾਂ॥੨੮੪॥
ਨਾਮੇ ਊ ਦਾਰੰਦ ਹਰ ਦਮ ਬਰ ਜ਼ੁਬਾਂ।

ਅਨੁਵਾਦ:—

ਨਿਸਚੇ ਵਾਲੇ ਗਿਆਨੀ ਅਤੇ ਵਿਦਵਾਨ।
ਨਾਮ ਓਹਦਾ ਹਰ ਦਮ ਰੱਖਣ ਉੱਪਰ ਜ਼ੁਬਾਨ।

ਬੰਦਗੀ ਏ ਸ਼ਾਂ ਬਵਦ ਜ਼ਿਕਰੇ ਖ਼ੁਦਾ॥੨੮੫॥
ਦੌਲਤੇ ਜਾਵੇਦ ਬਾਸ਼ੁਦ ਹੱਕ ਨੁਮਾ।

ਅਨੁਵਾਦ:—

ਯਾਦ ਰੱਬ ਦੀ ਹੈ ਉਹਨਾਂ ਦੀ ਬੰਦਗੀ।
ਧਨ ਸਦੀਵੀ ਹੈ ਉਹਨਾਂ ਦੀ ਬੰਦਗੀ।

ਚੂੰ ਨਮਾਯਦ ਦੌਲਤੇ ਜਾਵਦੇ ਰੂ ॥੨੮੬॥
ਤੂ ਜ਼ ਹੱਕ ਬਾਸ਼ੀ ਵ ਹੱਕ ਬਾਸ਼ਦ ਜ਼ ਤੂ।

ਅਨੁਵਾਦ:—

ਧਨ ਸਦੀਵੀ ਜਦ ਵੀ ਮੂੰਹ ਦਿਖਲਾਏਗਾ।
ਰੱਬ 'ਚੋਂ ਖ਼ੁਦ ਨੂੰ, ਖ਼ੁਦ 'ਚੋਂ ਰੱਬ ਨੂੰ ਪਾਏਂਗਾ।

ਦਰ ਦਿਲਤ ਗਰ ਹੱਕ ਚੁ ਪਰਤਵ ਅਫ਼ਗਨਦ॥੨੮੭॥
ਖ਼ਾਰੇ ਹਿਜਰਤ ਰਾ ਜ਼ ਪਾਏ ਦਿਲ ਕੁਨਦ।

ਅਨੁਵਾਦ:—

ਦਿਲ ਤੇਰੇ ਵਿੱਚ ਰੱਬ ਜੇ ਸਾਯਾ ਛੱਡ ਦੇ।
ਤਾਂ ਹਿਜਰ-ਕੰਡਾ ਪੈਰ ਵਿੱਚੋਂ ਕੱਢ ਦਏ।

ਖ਼ਾਰੇ ਹਿਜਰ ਅਜ਼ ਪਾਏਦਿਲ ਚੂੰ ਦੂਰ ਸ਼ੁਦ॥੨੮੮॥
ਖ਼ਾਨਾ ਏ ਦਿਲ ਅਜ਼ ਖ਼ੁਦਾ ਮਾਅਮੂਰ ਸ਼ੁਦ।

ਅਨੁਵਾਦ:—

ਜਦ ਹਿਜਰ-ਕੰਡਿਓਂ ਪੈਰ-ਦਿਲ ਹੋਇਆ ਆਜ਼ਾਦ।
ਦਿਲ ਦਾ ਘਰ ਰੱਬ ਨਾਲ ਫਿਰ ਹੋਇਆ ਆਬਾਦ।

ਹਮਚੂ ਕਤਰਾ ਕੋ ਬਦਰਿਆ ਦਰ ਫ਼ਤਾਦ॥੨੮੯॥
ਐਨ ਦਰਿਆ ਗਸ਼ਤੋ ਵਸਲਸ਼ ਦਸਤ ਦਾਦ।

ਅਨੁਵਾਦ:—

ਬੂੰਦ ਜਦ ਦਰਿਆ ਦੇ ਅੰਦਰ ਖੋ ਗਈ।
ਅਭੇਦ ਹੋ ਦਰਿਆ 'ਚ ਦਰਿਆ ਹੋ ਗਈ।

ਕਤਰਾ ਚੂ ਸ਼ੁਦ ਬ—ਦਰਿਆ ਆਸ਼ਨਾ॥੨੯੦॥
ਬਾਅਦ ਅਜ਼ਾਂ ਤਫ਼ਰੀਕ ਨਤਵਾਂ ਸ਼ੁਦ ਜੁਦਾ।

ਅਨੁਵਾਦ:—

ਬੂੰਦਾਂ ਦਾ ਜਦ ਰੂਪ ਦਰਿਆ ਮਿਲ ਗਿਆ।
ਫੇਰ ਹੋ ਸਕਦੀ ਹੈ ਕਿੱਦਾਂ ਓਹ ਜੁਦਾ।

ਕਤਰਾ ਰਾ ਈਂ ਦੌਲਤੇ ਚੂੰ ਦਸਤ ਦਾਦ॥੨੯੧॥
ਕਤਰਾ ਸ਼ੁਦ ਅੰਦਰ ਹਕੀਕਤ ਬਾਮੁਰਾਦ।

ਅਨੁਵਾਦ:—

ਬੂੰਦ ਨੂੰ ਦੌਲਤ ਜਦੋਂ ਇਹ ਮਿਲ ਗਈ।
ਦਰ ਹਕੀਕਤ ਬੂੰਦ ਪੂਰਨ ਹੋ ਗਈ।

ਗੁਫ਼ਤ ਮਨ ਯੱਕ ਕਤਰਾ ਆਬੇ ਬੂਦਹ ਅਮ॥੨੯੨॥
ਪਹਿਨ ਦਰਿਆ ਰਾ ਚੁਨਾ ਪੈਮੂਦਹ ਅਮ।

ਅਨੁਵਾਦ:—

ਬੂੰਦ ਆਖੇ, 'ਇੱਕ ਬੂੰਦ ਸਾਂ ਮੈਂ ਆਬ ਦੀ।'
ਦਰਿਆ ਦੀ ਚੌੜਾਈ ਮੈਂ ਕਿੰਝ ਨਾਪਦੀ।

ਗਰ ਮਰਾ ਦਰਿਆ ਜ਼ੇ ਲੁਤਫੇ ਆਮ ਖ਼ੇਸ਼॥੨੯੩॥
ਵਾਸਲੇ ਖ਼ੁਦ ਕਰਦ ਅਜ਼ ਅੰਦਾਜ਼ ਬੇਸ਼।

ਅਨੁਵਾਦ:—

ਮੇਰੇ ਤੇ ਦਰਿਆ ਦੀ ਜਦ ਕਿਰਪਾ ਹੋਈ।
ਹੋ ਗਈ ਬੇਅੰਤ, ਜਦ ਉਸ ਸੰਗ ਮਿਲੀ।

ਕਤਰਾ ਚੂੰ ਦਰ ਪਹਿਨੇ ਦਰਿਆ ਰੂ ਨਮੂਦ॥੨੯੪॥
ਮੌਜ ਗਸ਼ਤੋ ਕਰਦ ਦਰਿਆ ਰਾ ਸਜੂਦ।

ਅਨੁਵਾਦ:—

ਬੂੰਦ ਨੇ ਚੌੜਾਈ ਵੱਲ ਜਦ ਦੇਖਿਆ।
ਲਹਿਰ ਬਣ ਦਰਿਆ ਨੂੰ ਮੱਥਾ ਟੇਕਿਆ।

ਹਮਚੁਨਾ ਹਰ ਬੰਦਾ ਏ ਕੂ ਵਾਸਲ ਅਸਤ॥੨੯੫॥
ਦਰ ਤਰੀਕੇ ਬੰਦਗੀ ਬੱਸ ਕਾਮਲ ਅਸਤ।

ਅਨੁਵਾਦ:—

ਇਸ ਤਰ੍ਹਾਂ ਜੋ ਸ਼ਖਸ ਰੱਬ ਤੱਕ ਪੁੱਜਿਆ।
ਬੰਦਗੀ ਦੇ ਰਾਹ 'ਚ ਕਾਮਲ ਹੋ ਗਿਆ।

ਮੌਜੇ ਦਰਿਆ ਗਰਚਿਹ ਦਰ ਮਾਅਨੀ ਯਕੀਸਤ॥੨੯੬॥
ਲੇਕ ਅੰਦਰ ਈਂ ਵਾ ਆਂ ਫ਼ਰਕ ਬਸੇ ਅਸਤ।

ਅਨੁਵਾਦ:—

ਲਹਿਰ ਦਰਿਆ ਰੂਪ ਭਾਵੇਂ ਇੱਕ ਹੈ।
ਪਰ ਓਸਦੇ ਅੰਦਰ ਬੜਾ ਹੀ ਫਿਕ ਹੈ।

ਮਨ ਯਕੇ ਮੌਜਮ ਤੂ ਬਹਿਰੇ ਬੇਕਰਾਂ॥੨੯੭॥
ਫ਼ਰਕ ਬਾਸ਼ਦ ਅਜ਼ ਜ਼ਮੀਂ ਤਾ ਆਸਮਾਂ।

ਅਨੁਵਾਦ:—

ਮੈਂ ਲਹਿਰ ਇੱਕ, ਤੂੰ ਹੈਂ ਇੱਕ ਦਰਿਆ ਬੜਾ।
ਫ਼ਰਕ ਦੋਨਾਂ ਵਿੱਚ ਜ਼ਮੀਨ ਅਸਮਾਨ ਦਾ।

ਮਨ ਨੀਯਮ ਈਂ ਜੁਲਮਾ ਏ ਅਲਤਾਫ਼ੇ ਤੂ॥੨੯੮॥
ਮਨ ਯਕੇ ਮੌਜਮ ਜ਼ ਤਬਾਅ ਸਾਫ਼ ਤੂ।

ਅਨੁਵਾਦ:—

ਮੈਂ ਨਹੀਂ ਹਾਂ ਸਭ ਇਹ ਤੇਰੀ ਮੇਹਰ ਹੈ।
ਤੇਰੇ ਸ਼ੁੱਧ ਸਰੂਪ ਦੀ ਇਹ ਲਹਿਰ ਹੈ।

ਬਾ ਬਜ਼ੁਰਗਾਂ ਸੋਹਬਤੇ ਮੇ ਬਾਯਦਤ॥੨੯੯॥
ਅਜ਼ ਹਮਹ ਅੱਵਲ ਹਮੇਂ ਮੇ ਸ਼ਾਯਦਤ।

ਅਨੁਵਾਦ:—

ਬਿਰਤੀ ਆਪਣੀ ਸਾਧ ਸੰਗਤ ਨਾਲੋਂ ਜੋੜ।
ਸਭ ਤੋਂ ਪਹਿਲਾਂ ਤੈਨੂੰ ਹੈ ਸਾਧਨ ਦੀ ਲੋੜ।

ਕਾਦਰੇ ਮੁਤਲਿਕ ਬ-ਕੁਦਰਤ ਜ਼ਾਹਰ ਅਸਤ॥੩੦੦॥
ਦਰ ਮਿਆਨੇ ਕੁਦਰਤੇ ਖ਼ੁਦ ਕਾਦਰ ਅਸਤ।

ਅਨੁਵਾਦ:—

ਕੁਦਰਤ ਅੰਦਰ ਆਪ ਕਾਦਰ ਜਾਪਦਾ।
ਕੁਦਰਤ ਅੰਦਰ ਆਪ ਹੀ ਉਹ ਵਿਆਪਦਾ।

ਕਾਦਰੋ ਕੁਦਰਤ ਬਹਮ ਆਮੇਖ਼ਤੰਦ॥੩੦੧॥
ਆਂ ਮਤਾਅ ਏ ਗ਼ੈਰ ਹੱਕ ਰਾ ਰੇਖ਼ਤੰਦ॥

ਅਨੁਵਾਦ:—

ਕਾਦਰ ਅਤੇ ਕੁਦਰਤ ਦਾ ਹੈ ਆਪਸ 'ਚ ਜੋੜ।
ਲੱਭਦਾ ਕੁਦਰਤ 'ਚੋਂ, ਜਿਸਨੂੰ ਉਸਦੀ ਲੋੜ।

ਪਸ ਤੁਰਾ ਮੇ ਬਾਯਦ ਐ ਯਾਰੇ ਅਜ਼ੀਜ਼॥ ੩੦੨॥
ਹੱਕ ਕੁਦਾਮੋ ਤੂ ਕੁਦਾਮੇ ਕੁਨ ਤਮੀਜ਼।

ਅਨੁਵਾਦ:—

ਸੋ, ਤੈਨੂੰ ਇਹ ਚਾਹੀਦਾ ਹੈ ਓ ਮੇਰੇ ਯਾਰ।
ਰੱਬ ਕੀ? ਤੂੰ ਕੌਣ? ਕਰ ਐਸਾ ਵਿਚਾਰ।

ਗਰ ਤੂ ਵਾਸਿਲ ਗਸ਼ਤਹ ਏ ਦਰ ਜ਼ਾਤੇ ਓ॥੩੦੩॥
ਗ਼ੈਰ ਹਰਫ਼ੇ ਬੰਦਗੀ ਦੀਗਰ ਮਗੋ।

ਅਨੁਵਾਦ:—

ਕਰ ਲਈ ਪਰਮਾਤਮਾ ਦੀ ਜੋ ਤੂੰ ਭਾਲ।
ਬੰਦਗੀ ਬਿਨ ਹੋਰ ਸ਼ਬਦ ਨਾ ਮੂੰਹੋਂ ਨਿਕਾਲ।

ਈਂ ਹਮਹ ਅਜ਼ ਦੌਲਤੇ ਈਂ ਬੰਦਗੀਸਤ॥੩੦੪॥
ਜ਼ਿੰਦਗੀ ਬੇ ਬੰਦਗੀ ਸ਼ਰਮਿੰਦਗੀਸਤ।

ਅਨੁਵਾਦ:—

ਇਹ ਸਾਰਾ ਕੁੱਝ ਇਸ ਭਜਨ ਦਾ ਪਰਤਾਪ ਹੈ।
ਭਜਨ ਦੇ ਬਿਨ ਜੀਣਾ ਪਸ਼ਚਾਤਾਪ ਹੈ।

ਹੱਕ ਤਆਲਾ ਬੰਦਗੀ ਫ਼ਰਮੂਦਾਹ ਅਸਤ॥੩੦੫॥
ਮਨ ਨ ਗੋਯਮ ਹੱਕ ਚੁਨੀ ਫ਼ਰਮੂਦਾਹ ਅਸਤ।

ਅਨੁਵਾਦ:—

ਪਰਮਾਤਮਾ ਦਾ ਹੁਕਮ ਹੈ ਬੰਦਗੀ ਕਰਾਂ।
ਉਸ ਹੀ ਇੰਝ ਫ਼ਰਮਾਇਆ ਹੈ, ਮੈਂ ਕੀ ਕਹਾਂ।

ਚੂੰ ਅਨਲਹੱਕ ਅਜ਼ ਜ਼ੁਬਾਂ ਇਜ਼ਹਾਰ ਕਰਦ॥੩੦੬॥
ਸ਼ਰ੍ਹਾ ਏ ਆਂ ਮਨਸੂਰ ਰਾ ਬਰਦਾਰ ਕਰਦ।

ਅਨੁਵਾਦ:—
'ਮੈਂ ਖ਼ੁਦਾ ਹਾਂ' ਜਦ ਜ਼ਬਾਨੋਂ ਸੀ ਕਿਹਾ।
ਸ਼ੁਈਆਂ ਨੇ ਮਨਸੂਰ ਸੂਲੀ ਚਾੜ੍ਹਤਾ।

ਦਰ ਹਕੀਕਤ ਬੇਅਦਬ ਯਾਬਦ ਸਜ਼ਾ॥੩੦੭॥
ਚੂੰ ਅਦਬ ਆਮਦ ਹਮਹ ਰਾ ਰਹਿਨੁਮਾ।

ਅਨੁਵਾਦ:—
ਵਾਕਈ ਬੇਅਦਬ ਪਾਉਂਦਾ ਹੈ ਸਜ਼ਾ।
ਅਦਬ ਕਿਉਂਕਿ ਸਭਦਾ ਹੀ ਹੈ ਰਹਿਨੁਮਾ।

ਮਸਤੀ ਏ ਹੱਕ ਮਾਅਨੀ ਏ ਹੁਸ਼ਿਆਰੀ ਅਸਤ॥੩੦੮॥
ਆਰਫ਼ਾਂ ਰਾ ਖ਼੍ਵਾਬ ਹਮ-ਬੇਦਾਰੀ ਅਸਤ।

ਅਨੁਵਾਦ:—
ਹੱਕ ਦੀ ਮਸਤੀ ਦੇ ਅਰਥ ਹੁਸ਼ਿਆਰੀ ਹੈ।
ਗੁਣੀਆਂ ਲਈ ਤਾਂ ਸੌਣਾ ਵੀ ਬੇਦਾਰੀ ਹੈ।

ਗਰ ਸਰਾਪਾ ਤੋਂ ਹਮਹ ਹੱਗ ਗਸ਼ਤਾਹ ਏ॥੩੦੯॥
ਵਾਸਿਲੇ ਬੇ ਚੂੰਨ ਮੁਤਲਕ ਗਸ਼ਤਾਹ ਏ।

ਅਨੁਵਾਦ:—
ਜੇ ਤੂੰ ਸਿਰ ਤੋਂ ਪੈਰਾਂ ਤੱਕ ਰੱਬ ਹੋ ਗਿਆ।
ਤਾਂ ਵੀ ਭਗਤੀ ਭਾਵ ਵਿੱਚ ਰਹਿ ਵਿਚਰਦਾ।

ਬਾਜ਼ ਰਾਹੇ ਜ਼ਿੰਦਗੀ ਦਰ ਪੇਸ਼ ਗੀਰ॥੩੧੦॥
ਬੰਦਾਏ ਊ ਬਾਸ਼ੋ ਖ਼੍ਵੇਸ਼ ਗੀਰ।

ਅਨੁਵਾਦ:—
ਫੇਰ ਵੀ ਫੜ ਬੰਦਗੀ ਦਾ ਰਾਸਤਾ।
ਬੰਦਾ ਓਹਦਾ ਬਣ, ਫੜਲੈ ਰਸਤਾ ਧਰਮ ਦਾ।

ਦਰ ਹਮਹ ਹਾਲਤ ਖ਼ੁਦਾ ਹਾਜ਼ਿਰ ਬਬੀਂ॥੩੧੧॥
ਹਾਜ਼ਿਰੋ ਮਨਜ਼ੂਰੋ ਹਮ ਨਾਜ਼ਰ ਬਬੀਂ।

ਅਨੁਵਾਦ:—
ਹਰ ਇੱਕ ਹਾਲਤ ਵਿੱਚ ਰੱਬ ਮੌਜੂਦ ਦੇਖ।
ਹਾਜ਼ਰੋ ਮਨਜ਼ੂਰ ਉਸਦਾ ਵਜੂਦ ਦੇਖ।

ਦਰ ਰਹੇ ਹੱਕ ਜੁਜ਼ ਅਦਬ ਤਾਅਲੀਮ ਨੇਸਤ॥੩੧੨॥
ਤਾਲਬੇ ਊ ਰਾ ਬਜੁਜ਼ ਤਸਲੀਮ ਨੇਸਤ।

ਅਨੁਵਾਦ:—

ਹੱਕ ਦੇ ਰਾਹ ਬਿਨ ਅਦਬ ਹੋਰ ਤਾਲੀਮ ਨਾ।
ਤਾਲਿਬ ਬਿਨਾ ਹੋਰ ਕੁੱਝ ਵੀ ਤਸਲੀਮ ਨਾ।

ਤਾਲਬਾਨੇ ਹੱਕ ਹਮੇਸ਼ਾ ਬਾਅਦਬ॥੩੧੩॥
ਬਾਅਦਬ ਬਾਸ਼ਿਦ ਅੰਦਰ ਯਾਦੇ ਰੱਬ।

ਅਨੁਵਾਦ:—

ਰੱਬ ਦੇ ਆਸ਼ਿਕ ਅਦਬ ਵਿੱਚ ਰਹਿੰਦੇ ਹਮੇਸ਼।
ਅਦਬ ਨਾਲ ਹੀ ਯਾਦ ਵਿੱਚ ਬਹਿੰਦੇ ਹਮੇਸ਼।

ਬੇਅਦਬ ਰਾ ਕੈਜ਼ ਹਾਲੇ ਸ਼ਾਂ ਖ਼ਬਰ॥੩੧੪॥
ਬੇਅਦਬ ਅਜ਼ ਹੱਕ ਹਮੇਸ਼ਾ ਬੇਖ਼ਬਰ।

ਅਨੁਵਾਦ:—

ਬੇਅਦਬ ਨੂੰ ਓਹਨਾਂ ਬਾਰੇ ਕੀ ਪਤਾ।
ਬੇਅਦਬ ਬੇਮੁੱਖ ਹੀ ਰਹਿੰਦੇ ਸਦਾ।

ਬੇਅਦਬ ਹਰਗਿਜ਼ ਬਹੱਕ ਰਾਹੇ ਨਿਯਾਫ਼ਤ॥੩੧੫॥
ਰਾਹੇ ਹੱਕ ਰਾ ਹੇਚ ਗੁਮਰਾਹੇ ਨਿਯਾਫ਼ਤ।

ਅਨੁਵਾਦ:—

ਬੇਅਦਬ ਨੂੰ ਰੱਬ ਦਾ ਰਾਹ ਮਿਲਿਆ ਨਹੀਂ।
ਰਾਹ ਓਹ ਬੇਮੁੱਖ ਨੇ ਪਾਇਆ ਨਹੀਂ।

ਹਾਦੀਏ ਰਾਹੇ ਖ਼ੁਦਾ ਆਮਦ ਅਦਬ॥੩੧੬॥
ਬੇਅਦਬ ਖ਼ਾਲੀਸਤ ਅਜ਼ ਅਲਤਾਫ਼ੇ ਰੱਬ।

ਅਨੁਵਾਦ:—

ਅਦਬ ਹੀ ਹੈ ਰੱਬ ਦੇ ਰਾਹ ਦਾ ਰਹਿਨੁਮਾ।
ਬੇਅਦਬ ਉਸਦੇ ਕਰਮ ਤੋਂ ਖ਼ਾਲੀ ਰਿਹਾ।

ਬੇਅਦਬ ਰਾਹੇ ਖ਼ੁਦਾ ਕੈ ਦਾਂਦਸਤ॥੩੧੭॥
ਹਰਕਰਾ ਕਹਿਰੇ ਖ਼ੁਦਾ ਮੇ ਰਾਂਦਸਤ।

ਅਨੁਵਾਦ:—

ਬੇਅਦਬ ਕਦ ਜਾਣਦਾ ਹੈ ਰੱਬ ਦਾ ਰਾਹ।
ਕਹਿਰ ਓਹਦਾ ਰਾਹੋਂ ਜੀਹਨੂੰ ਮਾਰੇ ਵਗਾਹ।

ਦਰ ਪਨਾਹੇ ਸਾਯਾ ਏ ਮਰਦਾਨੇ ਹੱਕ॥੩੧੮॥
ਗਰ ਰਵੀ ਆਂਜਾ ਅਦਬ ਯਾਬੀ ਸਬਕ।

ਅਨੁਵਾਦ:—

ਸੰਤ ਲੋਕਾਂ ਦੀ ਪਨਾਹ ਦੀ ਛਾਂ ਤਲੇ।
ਜਾਏਂ ਉਸ ਥਾਂ ਅਕਲ ਦੀ ਕੋਈ ਗੱਲ ਮਿਲੇ।

ਬੇਅਦਬ ਆਂ ਜਾ ਅਦਬ ਆਮੋਜ਼ ਸ਼ੁਦ॥੩੧੯॥
ਈਂ ਚਿਰਾਗ਼ੇ ਕੁਲ ਜਹਾਂ ਅਫ਼ਰੋਜ਼ ਸ਼ੁਦ।

ਅਨੁਵਾਦ:—

ਬੇਅਦਬ ਉਸ ਥਾਂ ਹੋਏ ਅਦਬ ਦਾ ਧਾਰਨੀ।
ਇਹ ਦੀਵਾ ਕੁੱਲ ਜਹਾਨ ਨੂੰ ਦਏ ਰੌਸ਼ਨੀ।

ਐ ਖ਼ੁਦਾ ਹਰ ਬੇਅਦਬ ਰਾ ਇਹ ਅਦਬ॥੩੨੦॥
ਤਾ ਗੁਜ਼ਾਰਦ ਉਮਰ ਖ਼ੁਦ ਦਰ ਯਾਦੇ ਰੱਬ।

ਅਨੁਵਾਦ:—

ਰੱਬਾ ਹਰ ਬੇਅਦਬ ਅੰਦਰ ਅਦਬ ਧਰ।
ਤਾਂ ਜੋ ਗੁਜ਼ਾਰੇ ਉਮਰ ਤੈਨੂੰ ਯਾਦ ਕਰ।

ਗਰ ਬਯਾਬੀ ਲੱਜ਼ਤੇ ਅਜ਼ ਯਾਦੇ ਊ॥੩੨੧॥
ਜ਼ਿੰਦਾ ਬਾਸ਼ੀ ਦਾਇਮਨ ਐ ਨੇਕ ਖ਼ੂ।

ਅਨੁਵਾਦ:—

ਸੁਆਦ ਉਸਦੀ ਯਾਦ ਦਾ ਆ ਜਾਏ ਗਰ।
ਨੇਕ ਬੰਦਿਆ ਫਿਰ ਕਦੀ ਸਕੇਂ ਨਾ ਮਰ।

ਈਂ ਵਜੂਦੇ ਖ਼ਾਕ ਰਾ ਕਾਇਮ ਮਦਾਂ॥੩੨੨॥
ਕਾਇਮ ਆਮਦ ਸ਼ੌਕੇ ਊ ਕੋ ਹਰਜ਼ ਜਾਂ।

ਅਨੁਵਾਦ:—

ਮਿੱਟੀ ਦੇ ਇਸ ਸਰੀਰ ਨੇ ਹੋਣਾ ਜੁਦਾ।
ਪ੍ਰੇਮ ਹੈ ਤਾਵੀਜ਼ ਜੋ ਰਹਿਣਾ ਸਦਾ।

ਸ਼ੌਕੇ ਊ ਸਰਮਾਇਆ ਏ ਈਮਾਂ ਬਵਦ॥੩੨੩॥
ਸ਼ੌਕੇ ਊ ਮਰ ਜ਼ਿੰਦਗੀ ਏ ਜਾਂ ਬਵਦ।

ਅਨੁਵਾਦ:—

ਪ੍ਰੇਮ ਉਹਦਾ ਈਮਾਨ ਦਾ ਸਰਮਾਇਆ ਖ਼ਾਸ।
ਪ੍ਰੇਮ ਹੀ ਹੈ ਧਰਮ ਦੀ ਉਪਲੱਭਦ ਰਾਸ।

ਸ਼ੌਕੇ ਉ ਬਰ ਹਰ ਦਿਲੇ ਕੈ ਜਾ ਕੁਨ॥੩੨੪॥
ਦਰ ਵਜੂਦੇ ਖ਼ਾਕ ਕੈ ਮਾ ਵਾ ਕੁਨਦ।

ਅਨੁਵਾਦ:—

ਪਰ ਪ੍ਰੇਮ ਓਹਦਾ ਹਰ ਦਿਲ ਤੇ ਹੈ ਕਦ ਠਹਿਰਦਾ।
ਮਿੱਟੀ ਦੇ ਪੁਤਲੇ 'ਚ ਕਦ ਕਰਦੈ ਜਗ੍ਹਾ।

ਸ਼ੌਕੇ ਮੌਲਾ ਗਰ ਤੁਰਾ ਚੂੰ ਅਸਤ ਦਾਦ॥੩੨੫॥
ਦੌਲਤੇ ਦਾਇਮ ਬਦਸਤਤ ਦਰ ਫ਼ਤਾਦ।

ਅਨੁਵਾਦ:—

ਪ੍ਰੇਮ ਓਹਦਾ ਜਦ ਹੈ ਤੈਨੂੰ ਮਿਲ ਗਿਆ।
ਸਦਾ ਦੀ ਦੌਲਤ ਨੂੰ ਤੈਂ ਹੱਥ ਪਾ ਲਿਆ।

ਦੌਲਤੇ ਦੁਨੀਆਂ ਨਾ ਬਾਸ਼ਦ ਪਾਇਦਾਰ॥੩੨੬॥
ਦਰ ਤਰੀਕੇ ਆਰਫ਼ਾਨੇ ਹੱਕ ਗੁਜ਼ਾਰ।

ਅਨੁਵਾਦ:—

ਦੁਨੀਆਂ ਦਾ ਧਨ ਨਾ ਕਦੀ ਕਾਇਮ ਰਹੇ।
ਫੱਕਰਾਂ ਦੇ ਰਾਹ 'ਚ ਜਿੰਦ ਗੁਜ਼ਾਰ ਦੇ।

ਯਾਦੇ ਊ ਦਾਯਮ ਬਵਦ ਲਾਜ਼ਮ ਤੁਰਾ॥੩੨੭॥
ਜ਼ਿਕਰੇ ਊ ਕਾਇਮ ਕੁਨਦ ਕਾਇਮ ਤੁਰਾ।

ਅਨੁਵਾਦ:—

ਯਾਦ ਓਹਨੂੰ ਕਰਨਾ ਜ਼ਰੂਰੀ ਹੈ ਬਹੁਤ।
ਯਾਦ ਜੰਮਣ ਮਰਨ ਤੋਂ ਕਰਦੂ ਰਹਿਤ।

ਆਰਫ਼ਾਂ ਦਾਰੰਦ ਅਜ਼ ਅਰਫ਼ਾਨੇ ਖ਼੍ਵੇਸ਼॥੩੨੮॥
ਹਾਸਿਲੇ ਅਰਫ਼ਾਂ ਦਰੂਨੇ ਜਾਨ ਖ਼੍ਵੇਸ਼।

ਅਨੁਵਾਦ:—

ਗੁਣੀ ਆਪਣੇ ਸਰੂਪ ਦੀ ਪਹਿਚਾਣ ਨਾਲ।
ਜਾਨ ਅੰਦਰ ਗਿਆਨ ਦਾ ਰੱਖਦੇ ਖ਼ਿਆਲ।

ਮੁਸਨਦੇ ਸ਼ੌਕੇ ਇਲਾਹੀ ਬੇਜ਼ਵਾਲ॥੩੨੯॥
ਵਰਨਾ ਬੀਨੀ ਹਰ ਕਮਾਲੇ ਰਾ ਜ਼ਵਾਲ।

ਅਨੁਵਾਦ:—

ਰੱਬ ਦੇ ਆਸ਼ਕ ਰੱਬ ਤੋਂ ਹੁੰਦੇ ਨਾ ਦੂਰ।
ਵਰਨਾ ਵੱਡਿਆਂ ਵੱਡਿਆਂ ਹੋਣਾ ਚੂਰ ਚੂਰ।

ਬੇਜ਼ਵਾਲ ਆਮਦ ਕਮਾਲੇ ਸ਼ੌਕੇ ਹੱਕ॥੩੩੦॥
ਤਾ ਕਿ ਯਾਬਦ ਜ਼ੱਰਾਏ ਅਜ਼ ਸ਼ੌਕੇ ਹੱਕ।

ਅਨੁਵਾਦ:—

ਪ੍ਰੇਮ ਪੂਰਾ ਰੱਬ ਦਾ ਨਾਸ਼ ਹੋਣ ਰਹਿਤ।
ਇਸ ਲਈ ਰਹਿ ਨਾਲ ਉਸਦੇ ਪ੍ਰੇਮ ਸਹਿਤ।

ਹੱਕ ਕਸੇ ਕੋ ਯਾਫ਼ਤ ਊ ਜਾਵੀਦ ਸ਼ੁਦ॥੩੩੧॥
ਦਰ ਹਕੀਕਤ ਸਾਹਿਬੇ ਉਮੀਦ ਸ਼ੁਦ।

ਅਨੁਵਾਦ:—

ਜਿਸ ਕਿਸੇ ਰੱਬ ਪਾਇਆ ਹੋ ਗਿਆ ਅਮਰ ਉਹ।
ਦਰ ਅਸਲ ਮਾਲਕ ਹੋ ਗਿਆ ਖ਼ਾਹਸ਼ਾਂ ਨੇ ਜੋ।

ਚੂੰ ਉਮੀਦਸ਼ ਸੂਰਤੇ ਹਾਲੇ ਗ਼ਰਿਫ਼ਤ॥੩੩੨॥
ਜ਼ੱਰਾ ਅਜ਼ ਸ਼ੌਕੇ ਹੱਕ ਦਰ ਦਿਲ ਗਰਿਫ਼ਤ।

ਅਨੁਵਾਦ:—

ਉਦੋਂ ਉਸਦੀ ਹੋ ਗਈ ਉਮੀਦ ਬਰ।
ਦਿਲ ਤੇ ਭੋਰਾ ਕੁ ਪ੍ਰੇਮ ਜਦ ਕੀਤਾ ਅਸਰ।

ਆਬੇ ਹੈਵਾਂ ਮੇਚਕਦ ਅਜ਼ ਮੂਏ ਊ॥੩੩੩॥
ਜ਼ਿੰਦਾ ਮੇ ਗਰਦੋ ਜਹਾਂ ਅਜ਼ ਬੂਏ ਊ।

ਅਨੁਵਾਦ:—

ਟਪਕਾ ਦੇਂਦਾ ਹੈ ਅੰਮ੍ਰਿਤ ਉਸਦਾ ਇੱਕ ਵਾਲ।
ਜ਼ਿੰਦਾ ਹੋਏ ਸੰਸਾਰ ਉਸਦੀ ਖ਼ੁਸ਼ਬੂ ਨਾਲ।

ਐ ਜ਼ਹੇ ਈਸ਼ਾਂ ਕਿ ਊ ਹੱਕ ਯਾਫ਼ਤੰਦ॥੩੩੪॥
ਊ ਜ਼ਯਾਦੇ ਗ਼ੈਰ ਸਰ ਰਾ ਤਾਫ਼ਤੰਦ।

ਅਨੁਵਾਦ:—

ਧੰਨ ਹਨ ਉਹ ਲੋਕ ਜਿਨ੍ਹਾਂ ਰੱਬ ਪਾ ਲਿਆ।
ਗ਼ੈਰ ਯਾਦਾਂ ਤੋਂ ਹੈ ਸਿਰ ਨੂੰ ਘੁਮਾ ਲਿਆ।

ਦਰ ਲਿਬਾਸੇ ਦੀਨਵੀ ਫ਼ਾਰਗ਼ ਅਜ਼ਾਂ॥੩੩੫॥
ਹਮਚੂ ਜ਼ਾਤਸ਼ ਆਸ਼ਕਾਰੇ ਊ ਨਿਹਾਂ।

ਅਨੁਵਾਦ:—

ਦੁਨੀਆਂ ਦਾਰੀ ਵਿੱਚ ਵੀ ਦੁਨੀਆਂ ਤੋਂ ਜੁਦਾ।
ਰੱਬ ਵਾਂਗ ਹੋਵੇ ਜ਼ਾਹਰ ਜਾਂ ਰੱਖੇ ਛੁਪਾ।

ਜ਼ਾਹਰਸ਼ ਦਰ ਕੈਦ ਮੁਸ਼ਤੇ ਖ਼ਾਕ ਹਸਤ॥੩੩੬॥
ਬਾਤਨੇ ਊ ਬਾਖ਼ੁਦਾਏ ਪਾਕ ਹਸਤ।

ਅਨੁਵਾਦ:—

ਦੇਖਣੇ ਨੂੰ ਬੰਦ ਮੁੱਠੀ ਖ਼ਾਕ ਵਿੱਚ।
ਦਿਲ ਮਗਰ ਹੈ ਓਸ ਅੱਲਾ ਪਾਕ ਵਿੱਚ।

ਜ਼ਾਹਰ ਅੰਦਰ ਮਾਇਲੇ ਫ਼ਰਜ਼ੰਦ ਜ਼ਨ॥੩੩੭॥
ਦਰ ਹਕੀਕਤ ਬ ਖ਼ੁਦਾਏ ਖ਼ੇਸ਼ਤਨ।

ਅਨੁਵਾਦ:—

ਦੇਖਣੇ ਨੂੰ ਪੁੱਤਰ, ਪਤਨੀ ਵੱਲ ਲੱਗਾ।
ਪਰ ਅਸਲ ਵਿੱਚ ਖ਼ੁਦ ਨੂੰ ਹੈ ਰੱਬ ਨਾਲ ਜੋੜਿਆ।

ਜ਼ਾਹਰ ਅੰਦਰ ਮਾਇਲੇ ਹਰ ਸੂ ਹਵਾ॥੩੩੮॥
ਬਾਤਨੇ ਊ ਪਾਕ ਅਜ਼ ਯਾਦੇ ਖ਼ੁਦਾ।

ਅਨੁਵਾਦ:—

ਦੇਖਣੇ ਨੂੰ ਖ਼੍ਵਾਹਸ਼ਾਂ ਵੱਲ ਬੁੱਧ ਹੈ।
ਪਰ ਦਿਲ ਓਹਦਾ ਸਿਮਰਨ ਨੂੰ ਸਾਫ਼ ਔਰ ਸ਼ੁੱਧ ਹੈ।

ਜ਼ਾਹਰ ਅੰਦਰ ਮਾਇਲੇ ਅਸਪ ਓ ਸ਼ੁਤਰ॥੩੩੯॥
ਬਾਤਨਸ਼ ਫ਼ਾਰਗ਼ ਜ਼ ਕੈਦੇ ਸ਼ੋਰੋ ਸ਼ਰ।

ਅਨੁਵਾਦ:—

ਦੇਖਣ ਨੂੰ ਘੋੜੇ ਹਾਥੀ ਦੇ ਵੱਲ ਮਾਇਲ ਹੈ।
ਪਰ ਦਿਲ ਓਹਦਾ ਨਾ ਸ਼ੋਰੋ ਗ਼ੁਲ ਦਾ ਕਾਇਲ ਹੈ।

ਜ਼ਾਹਰ ਅੰਦਰ ਮਾਇਲ ਸੀਮੋ ਜ਼ਰ ਅਸਤ॥੩੪੦॥
ਬਾਤਨ ਅੰਦਰ ਸਾਹਿਬੇ ਬਹਿਰੋ ਬਰਾਸਤ।

ਅਨੁਵਾਦ:—

ਬਾਹਰੋਂ ਲੱਗੇ ਓਹ ਸੋਨਾ ਤੇ ਚਾਂਦੀ ਪਰਸਤ।
ਪਰ ਅੰਦਰੋਂ ਓਹ ਪਰਮਾਤਮਾ ਦੇ ਹਾਲ ਮਸਤ।

ਰਫ਼ਤਾ ਰਫ਼ਤਾ ਬਾਤਨਸ਼ ਜ਼ਾਹਿਰ ਸ਼ੁਦਹ॥੩੪੧॥
ਦਰ ਹਕੀਕਤ ਤਬਲਾ ਏ ਅੰਬਰ ਸ਼ੁਦਹ।

ਅਨੁਵਾਦ:—

ਹੌਲੀ ਹੌਲੀ ਭੇਤ ਸਾਰਾ ਖੁੱਲ੍ਹ ਗਿਆ।
ਅਸਲ ਵਿੱਚ ਕੇਸਰ ਦਾ ਡੱਬਾ ਡੁੱਲ੍ਹ ਗਿਆ।

ਜ਼ਾਹਰੋ ਬਾਤਨ ਸ਼ੁਦਹ ਯੱਕ ਸ਼ਾਨ ਊ॥੩੪੨॥
ਹਰ ਦੋ ਆਲਮ ਬੰਦਾਹ ਏ ਫ਼ਰਮਾਨ ਊ।

ਅਨੁਵਾਦ:—

ਅੰਦਰੋਂ ਬਾਹਰੋਂ ਹੋ ਗਿਆ ਓਹ ਇੱਕ ਸਮਾਨ।
ਦੋਨੋਂ ਆਲਮੰ ਹੋ ਗਏ ਉਸਦੇ ਗ਼ੁਲਾਮ।

ਹਮ ਬਦਲ ਯਾਦੇ ਖ਼ੁਦਾ ਹਮ ਬਰ ਜ਼ੁਬਾਂ॥੩੪੩॥
ਈਂ ਜ਼ਬਾਨਸ਼ ਦਿਲ ਸ਼ੁਦਹ ਦਿਲ ਸ਼ੁਦ ਜ਼ੁਬਾਂ।

ਅਨੁਵਾਦ:—

ਯਾਦ ਛਾਈ ਦਿਲ ਦੇ ਵਿੱਚ ਔਰ ਜੀਭ ਤੇ।
ਜੀਭ ਹੋਈ ਦਿਲ ਅਤੇ ਦਿਲ ਜੀਭ ਹੋਏ।

ਵਾਸਲਾਨੇ ਹੱਕ ਚੁਨੀਂ ਫ਼ਰਮੂਦਹ ਅੰਦ॥੩੪੪॥
ਬੰਦਹਾ ਦਰ ਬੰਦਗੀ ਆਸੂਦਹ ਅੰਦ।

ਅਨੁਵਾਦ:—

ਰੱਬ ਦੇ ਮਿਲਾਪੀ ਤਾਂ ਸਦਾ ਬੱਸ ਇਹੋ ਕਹਿਣ।
ਕਿ ਬੰਦਿਆਂ ਨੇ ਭਗਤੀ ਵਿੱਚ ਹੀ ਪਾਇਐ ਚੈਨ।

ਸਾਹਿਬੇ ਬਾਸ਼ਦ ਮੁਸੱਲਮ ਸ਼ਾਹ ਰਾ॥੩੪੫॥
ਕੁਰਨਸ਼ੇ ਮਨ ਸਾਲਿਕੇ ਈਂ ਰਾਹ ਰਾ।

ਅਨੁਵਾਦ:—

ਸ਼ਾਹੀਆਂ ਹੋਵਣ ਮੁਬਾਰਕ ਸ਼ਾਹ ਨੂੰ।
ਪਰ ਮੇਰਾ ਆਦਾਬ ਜਾਏ ਜੋ ਇਸ ਰਾਹ ਨੂੰ।

ਸਾਲਿਕੇ ਈਂ ਰਾਹ ਬ-ਮੰਜ਼ਲ ਰਾਹ ਯਾਫ਼ਤ॥੩੪੬॥
ਹਾਸਿਲੇ ਉਮਰੇ ਦਿਲੇ ਆਗਾਹ ਯਾਫ਼ਤ।

ਅਨੁਵਾਦ:—

ਇਸ ਰਾਹ ਦੇ ਰਾਹੀਆਂ ਰਾਹ ਮੰਜ਼ਲ ਦਾ ਪਾ ਲਿਆ।
ਲਾਭ ਮਿਲਿਆ ਉਮਰ ਦਾ ਮਨ ਜਾਗਿਆ।

ਬੰਦਾ ਏ ਰਾ ਬੰਦਗੀ ਦਰਕਾਰ ਹਸਤ॥੩੪੭॥
ਜਾਮੇ ਸ਼ੌਕੇ ਬੰਦਗੀ ਸਰਸ਼ਾਰ ਹਸਤ।

ਅਨੁਵਾਦ:—

ਬੰਦੇ ਨੂੰ ਕਰਨੀ ਬੰਦਗੀ ਦਰਕਾਰ ਹੈ।
ਪਰੇਮ-ਪਿਆਲਾ ਬੰਦਗੀ ਦਾ ਸਰਸ਼ਾਰ ਹੈ।

ਸਾਹਿਬੇ ਜ਼ੇਬਦ ਖ਼ੁਦਾਏ ਪਾਕ ਰਾ॥੩੪੮॥
ਆਂ ਕਿ ਜ਼ੀਨਤ ਦਾਦੇ ਮੁਸ਼ਤੇ ਖ਼ਾਕ ਰਾ।

ਅਨੁਵਾਦ:—

ਬੜਾਪਣ ਤਾਂ ਰੱਬ ਨੂੰ ਹੀ ਸ਼ੋਭਦਾ।
ਜਿਸ ਦਿੱਤਾ ਮੁੱਠੀ ਖ਼ਾਕ ਨੂੰ ਸੁੰਦਰ ਬਣਾ।

ਮੁਸ਼ਤੇ ਖ਼ਾਕ ਅਜ਼ ਯਾਦੇ ਊ ਰੌਨਕ ਗਰਿਫ਼ਤ॥੩੪੯॥
ਬੱਸ ਕਿ ਦਰ ਦਿਲ ਸ਼ੌਕ ਯਾਦੇ ਹੱਕ ਗਰਿਫ਼ਤ।

ਅਨੁਵਾਦ:—

ਮਿੱਟੀ ਦੀ ਮੁੱਠ ਨੇ ਰੱਬ ਤੋਂ ਹੈ ਜੱਸ ਲਿਆ।
ਯਾਦ ਦਾ ਬੱਸ ਸ਼ੌਕ ਦਿਲ ਵਿੱਚ ਉਤਰਿਆ।

ਸ਼ੌਕ ਅਜ਼ ਯਾਦੇ ਹਕੱਸ਼ ਮੁਮਤਾਜ਼ ਕਰਦ।
ਸਰਫ਼ਿਰਾਜ਼ੋ ਸਾਹਿਬੇ ਹਰ ਰਾਜ਼ ਕਰਦ।

ਅਨੁਵਾਦ:—

ਸ਼ੌਕ ਬੰਦਗੀ ਦੇ ਨੇ ਬਖ਼ਸ਼ਿਆ ਮਰਤਬਾ।
ਕੁੱਲ ਭੇਤਾਂ ਦਾ ਦਿੱਤਾ ਮਾਲਕ ਬਣਾ।

ਐ ਜ਼ਹੇ ਕਾਦਰ ਕਿ ਊ ਅਜ਼ ਕਤਰਾ ਆਬ॥ ੩੫੧॥
ਖ਼ਾਕ ਰਾ ਦਰਸ਼ਨ ਕੁਨਦ ਚੂੰ ਆਫ਼ਤਾਬ।

ਅਨੁਵਾਦ:—

ਅਜਬ ਰੱਬ ਜਿਸ ਪਾਣੀ ਦੀ ਇੱਕ ਬੂੰਦ ਨਾਲ।
ਮਿੱਟੀ ਨੂੰ ਸੂਰਜ ਵਾਂਗ ਚਮਕਾਇਆ ਕਮਾਲ।

ਐ ਜ਼ਹੇ ਖ਼ਾਕੇ ਕਿ ਨੂਰ ਅਫ਼ਰੋਜ਼ ਸ਼ੁਦ॥ ੩੫੨॥
ਈਂ ਸੁਆਦਤ ਹਾ ਨਸੀਬ ਅੰਦੋਜ਼ ਸ਼ੁਦ।

ਅਨੁਵਾਦ:—

ਅਜਬ ਹੈ ਮਿੱਟੀ ਦਾ ਪੁਤਲਾ ਚਮਕਿਆ।
ਸਭ ਭਾਗਵਾਨਾਂ ਨੂੰ ਪਰਾਪਤ ਕਰ ਲਿਆ।

ਐ ਜ਼ਹੇ ਕੁਦਰਤ ਕਿ ਹੱਕ ਬਾਰਆਵੁਰਦ॥੩੫੩॥
ਮੁਸ਼ਤ ਖ਼ਾਕੇ ਰਾ ਬਗੁਫ਼ਤਾਰ ਆਵੁਰਦ।

ਅਨੁਵਾਦ:—

ਅਜਬ ਹੈ ਕੁਦਰਤ ਕਿ ਜਿਸਨੇ ਦੋਸਤਾਂ।
ਮਿੱਟੀ ਦੀ ਮੁੱਠ ਵਿੱਚ ਰੱਬ ਦਾ ਵਾਸਾ ਰੱਖਿਆ।

ਹਾਸਿਲੇ ਈਂ ਜ਼ਿੰਦਗੀ ਯਾਦੇ ਖ਼ੁਦਾਸਤ॥੩੫੪॥
ਐ ਜ਼ਹੇ ਚਸ਼ਮੇ ਕਿ ਬਰਹੱਕ ਮੁਬਤਲਾਸਤ।

ਅਨੁਵਾਦ:—

ਇਸ ਜੀਵ ਦਾ ਹੈ ਲਾਭ ਰੱਬ ਦੀ ਬੰਦਗੀ।
ਧੰਨ ਹੈ ਓਹ ਅੱਖ ਵੀ ਜੋ ਰੱਬ ਦੇ ਵੱਲ ਲੱਗੀ।

ਐ ਜ਼ਹੇ ਦਿਲ ਕਾਂਦਰਸ਼ ਸ਼ੌਕਸ਼ ਬਵਦ॥੩੫੫॥
ਦਰ ਹਕੀਕਤ ਸਾਹਿਬੇ ਜ਼ੌਕਸ਼ ਬਵਦ।

ਅਨੁਵਾਦ:—

ਧੰਨ ਹੈ ਦਿਲ ਜਿਸ ਵਿੱਚ ਰਿਹਾਇਸ਼ ਯਾਦ ਦੀ।
ਦਰ ਹਕੀਕਤ ਇੱਛਾ ਰੱਬ ਦੇ ਸੁਆਦ ਦੀ।

ਐ ਜ਼ਹੇ ਸਰ ਕੋਬਰਾਹਸ਼ ਦਰ ਸਜੂਦ॥੩੫੬॥
ਹਮਚੂ ਚੌਗਾਂ ਗੋਏ ਸ਼ੌਕਸ਼ ਦਰ ਰਬੂਦ।

ਅਨੁਵਾਦ:—

ਅਜਬ ਸਿਰ ਸਿਜਦੇ ਦੇ ਰਾਹੀਂ ਜਾਂ ਪੈ ਗਿਆ।
ਪ੍ਰੇਮ-ਗੇਂਦ ਨੂੰ ਡੰਡੇ ਵਾਂਗੂ ਲੈ ਗਿਆ।

ਐ ਜ਼ਹੇ ਦਸਤੇ ਕਿ ਵਸਫ਼ੇ ਊ ਨਵਿਸ਼ਤ॥੩੫੭॥
ਆਂ ਜ਼ਹੇ ਪਾਏ ਕਿ ਦਰ ਕੂਯਸ਼ ਗਜ਼ਿਸ਼ਤ।

ਅਨੁਵਾਦ:—

ਧੰਨ ਓਹ ਹੱਥ ਜਿਸ ਰੱਬ ਦੀ ਉਸਤਤ ਲਿਖੀ।
ਰੱਬ ਦੇ ਜੋ ਰਾਹ ਚੱਲੇ, ਧੰਨ ਓਹ ਪੈਰ ਵੀ।

ਆਂ ਜ਼ਬਾਨ ਬਿਹ ਕਿ ਜ਼ਿਕਰੇ ਊ ਕੁਨਦ॥੩੫੮॥
ਖ਼ਾਤਿਰੇ ਆਂ ਬਿਹ ਫ਼ਿਕਰੇ ਊ ਕੁਨਦ।

ਅਨੁਵਾਦ:—

ਜੀਭ ਅੱਛੀ ਜੋ ਕਰੇ ਉਸਦਾ ਜ਼ਿਕਰ।
ਦਿਲ ਵੀ ਅੱਛਾ ਜੋ ਕਰੇ ਰੱਬ ਦਾ ਫ਼ਿਕਰ।

ਦਰ ਹਮਹ ਉਜ਼ਵੇ ਕਿ ਊ ਅੰਦਰ ਤਨ ਅਸਤ॥੩੫੯॥
ਸ਼ੌਕੇ ਊ ਅੰਦਰ ਸਰੇ ਮਰਦੇ ਜ਼ਨ ਅਸਤ।

ਅਨੁਵਾਦ:—

ਸਭ ਸਰੀਰੀ ਅੰਗ ਜੋ ਹਨ ਵਿੱਚ ਤਨ।
ਪ੍ਰੇਮ ਉਸਦਾ ਸਭ 'ਚ, ਸੁੱਧੇ ਮਰਦੋ ਜ਼ਨ।

ਆਰਜ਼ੂ ਏ ਜੁਮਲਾਹ ਸੂਏ ਊ ਬਵਦ॥੩੬੦॥
ਸ਼ੌਕੇ ਊ ਆ ਗਸ਼ਤਾਹ ਦਰ ਹਰ ਮੂ ਬਵਦ।

ਅਨੁਵਾਦ:—

ਖ਼ਾਹਸ਼ਾਂ ਸਭ ਟਿਕੀਆਂ ਵਿੱਚ ਅਕਾਲ ਦੇ।
ਪ੍ਰੇਮ ਉਸ ਦਾ ਟਿਕਿਆ ਵਿੱਚ ਹਰ ਵਾਲ਼ ਦੇ।

ਗਰ ਤੂ ਖ਼੍ਵਾਹੀ ਸਾਹਿਬੇ ਅਰਫ਼ਾਂ ਸ਼ਵੀ॥੩੬੧॥
ਜਾਂ ਬਜਾਨਾ ਦਿਹ ਕਿ ਖ਼ੁਦ ਜਾਨਾਂ ਸ਼ਵੀ।

ਅਨੁਵਾਦ:—

ਚਾਹੁਨੈਂ ਜੇ ਕਿ ਹੋ ਜਾਏਂ ਤੂੰ ਗਿਆਨਵਾਨ।
ਕੁਰਬਾਨ ਹੋ ਪਿਆਰੇ ਤੇ ਹੋ ਜਾ ਇੱਕ ਜਾਨ।

ਹਰ ਚਿਹ ਦਾਰੀ ਕੁਨ ਹਮਹ ਕੁਰਬਾਨੇ ਊ॥੩੬੨॥
ਰੇਜ਼ਹ ਚੀਨੀ ਕੁਨ ਦਮੇ ਅਜ਼ ਖ਼੍ਵਾਨ ਊ।

ਅਨੁਵਾਦ:—

ਜੋ ਕੁੱਝ ਵੀ ਤੇਰੇ ਪਾਸ ਹੈ ਕੁਰਬਾਨ ਕਰ।
ਭੋਰੇ ਚੂਰੇ ਉਸਦੇ ਚੁਣ ਜਲ ਪਾਨ ਕਰ।

ਸ਼ੌਕੇ ਅਰਫ਼ਾਨਸ਼ ਅਗਰ ਕਾਮਲ ਬਵਦ॥੩੬੩॥
ਗੌਹਰੇ ਮਕਸੂਦੇ ਤੂ ਹਾਸਿਲ ਬਵਦ।

ਅਨੁਵਾਦ:—

ਸ਼ੌਕ ਜੇ ਜਾਨਣ ਦਾ ਕਾਮਲ ਹੋ ਜਾਏ।
ਮੋਤੀ ਮੁਰਾਦਾਂ ਦਾ ਵੀ ਹਾਸਿਲ ਹੋ ਜਾਏ।

ਤੂ ਹਮ ਅਜ਼ ਈਂ ਉਮਰ ਯਾਬੀ ਬਹਿਰਹ ਏ॥੩੬੪॥
ਮਿਹਰੇ ਉਰਫ਼ਾਨਸ਼ ਚੂ ਬਖ਼ਸ਼ਦ ਜ਼ੱਰਾ ਏ।

ਅਨੁਵਾਦ:—

ਤੂੰ ਵੀ ਆਪਣੀ ਜ਼ਿੰਦਗੀ ਤੋਂ ਫ਼ਾਇਦਾ ਉਠਾ।
ਸੂਰਜ ਓਹਦੀ ਕ੍ਰਿਪਾ ਦਾ ਜੇ ਚਮਕੇ ਜ਼ਰਾ।

ਨਾਮੇ ਊ ਅੰਦਰ ਜਹਾਂ ਗਰਦਦ ਬੁਲੰਦ॥੩੬੫॥
ਸ਼ੌਕੇ ਉਰਫ਼ਾਨਿਸ਼ ਕੁਨਤ ਬਸ ਅਰਜਮੰਦ।

ਅਨੁਵਾਦ:—

ਨਾਓਂ ਤਿਰਾ ਜੱਗ ਵਿੱਚ ਸ਼ੋਹਰਤ ਪਾਏਗਾ।
ਪਹਿਚਾਣ ਉਸਦੀ ਨਾਲ ਉਪਰ ਉੱਠ ਜਾਏਗਾ।

ਸ਼ੌਕੇ ਉਰਫ਼ਾਨਸ਼ ਕਸੇ ਰਾ ਦਸਤ ਦਾਦ॥੩੬੬॥
ਕਜ਼ ਕੁਲੀਦਸ਼ ਕੁਫ਼ਲ ਦਿਲ ਹਾ ਰਾ ਕੁਸ਼ਾਦ।

ਅਨੁਵਾਦ:—

ਪਹਿਚਾਣ ਦਾ ਜੋ ਲੇਸ ਕਿਸੇ ਨੂੰ ਮਿਲ ਗਿਆ।
ਪ੍ਰੇਮ-ਕੁੰਜੀ ਦਿਲ ਦਾ ਤਾਲਾ ਖੁਲ੍ਹ ਗਿਆ।

ਕੁਫ਼ਲ ਰਾ ਬਕੁਸ਼ਾ ਕਿ ਮਾਲੇ ਬੇਕਰਾਂ॥੩੬੭॥
ਦਰ ਕਫ਼ੇ ਖ਼ੁਦ ਆਰ ਅਜ਼ ਗੰਜੇ ਨਿਹਾਂ।

ਅਨੁਵਾਦ:—

ਖੋਲ੍ਹਕੇ ਤਾਲਾ ਕਿ ਬੇਹੱਦ ਮਾਲ ਦਾ।
ਛੁਪਿਆ ਹੋਇਆ ਫੇਰ ਆਪਣੇ ਹੱਥ 'ਚ ਲਿਆ।

ਕਾਂਦਰਾਂ ਲਾਅਲੋ ਵੋਹਰ ਬਿਸਿਆਰ ਹਸਤ॥੩੬੮॥
ਅਜ਼ ਮਤਾਅ ਏ ਲੂ ਲੂ ਏ ਸ਼ਹਿਵਾਰ ਹਸਤ।

ਅਨੁਵਾਦ:—

ਇਸ ਖ਼ਖ਼ਾਨੇ ਲਾਲ ਤੇ ਮੋਤੀ ਬੜੇ।
ਬਾਦਸ਼ਾਹਾਂ ਲਾਇਕ ਇਹ ਸਾਰੇ ਭਰੇ।

ਹਰ ਚਿਹ ਮੇਖ਼ਾਹੀ ਜ਼ ਗੰਜੇ ਬੇਸ਼ੁਮਾਰ॥੩੬੯॥
ਆਯਦਤ ਦਰ ਦਸਤ ਐ ਆਲੀ ਤਬਾਰ।

ਅਨੁਵਾਦ:—

ਜੋ ਬੇ-ਅੰਤ ਖ਼ਜ਼ਾਨੇ ਦੀ ਕਰਦਾ ਹੈਂ ਭਾਲ।
ਕਿ ਸ਼ਾਹੀ ਕੁਨਬੇ ਦਾ ਆ ਜਾਏ ਹੱਥ ਮਾਲ।

ਪਸ ਬਜੋ ਆਂ ਸਾਹਿਬਾਨੇ ਸ਼ੌਕ ਰਾ॥੩੭੦॥
ਤਾਜ਼ ਸ਼ਾਂ ਹਾਸਿਲ ਕੁਨੀ ਈਂ ਜ਼ੌਕ ਰਾ।

ਅਨੁਵਾਦ:—

ਫਿਰ ਤੂੰ ਉਹਨਾਂ ਫੱਕਰਾਂ ਨੂੰ ਕਰ ਪਸੰਦ।
ਤਾਂ ਜੋ ਉਹਨਾਂ ਤੋਂ ਤੈਨੂੰ ਵੀ ਆਏ ਅਨੰਦ।

ਜ਼ੌਕ ਸ਼ੌਕੇ ਹੱਕ ਅਗਰ ਬਾਸ਼ਦ ਤੁਰਾ॥੩੭੧॥
ਫ਼ੈਜ਼ੇ ਈਂ ਸੋਹਬਤ ਅਸਰ ਬਖ਼ਸ਼ਦ ਤੁਰਾ।

ਅਨੁਵਾਦ:—

ਪ੍ਰੇਮ ਹੋਵੇ ਅਗਰ ਉਸਦੇ ਸੁਆਦ ਦਾ।
ਲਾਭ ਬਖ਼ਸ਼ੂ, ਅਸਰ ਉਸਦੇ ਸੁਆਦ ਦਾ।

ਗਰ ਚਿਹ ਦਰ ਦਿਲਹਾ ਨ ਬਾਸ਼ਦ ਜੁਜ਼ ਖ਼ੁਦਾ॥੩੭੨॥
ਆਰਫ਼ਾਂ ਰਾ ਮੰਜ਼ਲੇ ਬਾਸ਼ਦ ਅੱਲਾ।

ਅਨੁਵਾਦ:—

ਭਾਵੇਂ ਦਿਲਾਂ ਵਿੱਚ ਕੁੱਝ ਨਹੀਂ ਰੱਬ ਤੋਂ ਸਿਵਾ।
ਪਰ ਗਿਆਨੀਆਂ ਦਾ ਰੱਬ ਜੇਡਾ ਮਰਤਬਾ।

ਗ਼ੈਰ ਆਰਫ਼ ਵਾਕਫ਼ੇ ਈਂ ਹਾਲ ਨੇਸਤ॥੩੭੩॥
ਆਰਫ਼ਾਂ ਰਾ ਗ਼ੈਰ ਜ਼ਿਕਰਸ਼ ਕਾਲ ਨੇਸਤ।

ਅਨੁਵਾਦ:—

ਗਿਆਨ ਹੀਣ ਨਾ ਕੋਈ ਹਾਲ ਇਹ ਜਾਣਦਾ।
ਗਿਆਨਵਾਨ ਨੂੰ ਭਜਨ ਬਿਨ ਨਾ ਵਾਸਤਾ।

ਅਜ਼ ਬਰਾਏ ਆਂ ਕਿ ਹੱਕ ਹਾਸਲ ਕੁਨੀ॥੩੭੪॥
ਪੈਰਵੀ ਏ ਆਰਫ਼ੇ ਕਾਮਲ ਕੁਨੀ।

ਅਨੁਵਾਦ:—

ਇਸ ਲਈ ਕਿ ਰੱਬ ਨੂੰ ਹਾਸਿਲ ਕਰੇਂ।
ਤੇ ਗਿਆਨੀ ਮੁਰਸ਼ਦ ਦੇ ਹੁਕਮ ਦੇ ਵਿੱਚ ਚੱਲੇਂ।

ਆਰਫ਼ੇ ਕਾਮਲ ਤੁਰਾ ਕਾਮਲ ਕੁਨਦ॥੩੭੫॥
ਹਰ ਚਿਹ ਮੇਖ਼੍ਵਾਹੀ ਤੁਰਾ ਹਾਸਿਲ ਕੁਨਦ।

ਅਨੁਵਾਦ:—

ਗਿਆਨੀ ਤੈਨੂੰ ਗਿਆਨ ਦੇ ਨਾਲ ਭਰੇਗਾ।
ਜੋ ਹੈ ਮਨ ਦੀ ਇੱਛਾ ਪੂਰੀ ਕਰੇਗਾ।

ਰਾਸਤੀ ਈਂ ਅਸਤ ਰਾਹੇ ਹੱਕ ਬਗੀਰ॥੩੭੬॥
ਤਾ ਤੋ ਹਮ ਗਰਦੀ ਚੂ ਖ਼ੁਰਸ਼ੀਦੇ ਮਨੀਰ।

ਅਨੁਵਾਦ:—

ਸੱਚ ਹੈ ਇਹ ਕਿ ਰੱਬ ਦੇ ਰਸਤੇ ਨੂੰ ਪਾ।
ਖ਼ੁਦ ਨੂੰ ਸੂਰਜ ਵਾਂਗਰਾਂ ਰੌਸ਼ਨ ਬਣਾ।

ਹੱਕ ਦਰੂਨੇ ਦਿਲ ਕਿ ਦਿੱਲਦਾਰੀ ਕੁਨਦ॥੩੭੭॥
ਮੁਰਸ਼ਦੇ ਕਾਮਲ ਤੁਰਾ ਯਾਰੀ ਕੁਨਦ।

ਅਨੁਵਾਦ:—

ਦਿਲ ਦੇ ਵਿੱਚ ਰੱਬ ਕਰੇ ਦਿਲਦਾਰੀ ਤੇਰੀ।
ਜੇ ਪੂਰਾ ਸਤਿਗੁਰ ਕਰ ਲਏ ਯਾਰੀ ਤੇਰੀ।

ਬਾਦਸ਼ਾਹਾਂ ਸਲਤਨਤ ਬਗੁਜ਼ਾਸ਼ਤੰਦ॥੩੭੮॥
ਚੂੰ ਗਦਾਯਾਂ ਕੂ-ਬ-ਕੂ ਬਸ਼ਤਾਫ਼ਤੰਦ।

ਅਨੁਵਾਦ:—

ਬਾਦਸ਼ਾਹਾਂ ਬਾਦਸ਼ਾਹੀ ਛੱਡ ਤੀ॥
ਵਾਂਗ ਮੰਗਤਿਆਂ ਛਾਣਤੇ ਕੂਚਾ ਗਲੀ।

ਅਜ਼ਬਰਾਏ ਆਂ ਕਿ ਯਾਦੇ ਊ ਕੁਨਿੰਦ॥੩੭੯॥
ਅਜ਼ ਮਕਾਫ਼ਾਤੇ ਅਮਲਹਾ ਵਾਰ ਹਿੰਦ।

ਅਨੁਵਾਦ:—

ਤਾਂ ਜੋ ਕਰੀਏ ਓਸਨੂੰ ਮਿਲਣੇ ਦੀ ਗੱਲ।
ਭੋਗਣੇ ਤੋਂ ਛੁੱਟੀਏ ਕਰਮਾਂ ਦੇ ਫਲ।

ਹਰ ਚਿਹ ਸ਼ਾਂ ਅੰਦਰ ਖ਼ਲਾਫ਼ਤ ਦਾਸ਼ਤੰਦ॥੩੮੦॥
ਜੁਮਲਾਹ ਰਾ ਯੱਕਬਾਰਗੀ ਬਗੁਜ਼ਾਸ਼ਤੰਦ।

ਅਨੁਵਾਦ:—

ਬਾਦਸ਼ਾਹੀ ਵਿੱਚ ਉਹਨਾਂ ਜੋ ਰੱਖਿਆ।
ਸੱਭੋ ਕੁੱਝ ਇਕ ਬਾਰਗੀ ਹੀ ਤਿਆਗਤਾ।

ਵਾਕਫ਼ੇ ਈਂ ਰਾਹ ਗਰ ਦਸਤ ਆਮਦੇ॥੩੮੧॥
ਮਕਸਦਸ਼ ਦਰ ਸਲਤਨਤ ਦਸਤ ਆਮਦੇ।

ਅਨੁਵਾਦ:—

ਇਸ ਰਾਹ ਦਾ ਜਾਣੂੰ ਮਿਲਣ ਦੀ ਜੇ ਬਣ ਜਾਂਦੀ ਗੱਲ।
ਤਾਂ ਮਕਸਦ ਰਾਜ ਦੇ ਵੇਲੇ ਹੀ ਹੋ ਜਾਣਾ ਸੀ ਹੱਲ।

ਜੁਮਲਾਹ ਲਸ਼ਕਰ ਤਾਲਬਾਨੇ ਹੱਕ ਸ਼ੁਦੇ॥੩੮੨॥
ਦਰ ਹਕੀਕਤ ਆਰਫ਼ੇ ਮੁਤਲਕ ਸ਼ੁਦੇ।

ਅਨੁਵਾਦ:—

ਫ਼ੌਜ਼ ਹੁੰਦੇ ਵੀ ਚਾਹੁੰਦੇ ਜੇ ਰੱਬ ਪ੍ਰਾਪਤੀ।
ਅਸਲੋਂ ਹੀ ਹੋ ਜਾਂਦੀ ਰੱਬ ਨਾਲ ਵਾਕਫ਼ੀ।

ਸਾਲਕੇ ਈਂ ਰਾਹ ਗਰ ਦਰਿਆਫ਼ਤੇ॥੩੮੩॥
ਦਿਲ ਅਜ਼ਾਂ ਸ਼ਾਹੀ ਕੁਜਾ ਬਰਤਾਫ਼ਤੇ।

ਅਨੁਵਾਦ:—

ਇਸ ਰਾਹ ਦੇ ਰਹਿਬਰ ਨੂੰ ਜੇ ਖੁਦ ਨਾਲ ਜੋੜਦੇ।
ਇਸ ਪਾਦਸ਼ਾਹੀ ਤੋਂ ਉਹ ਦਿਲ ਕਿਉਂ ਮੋੜਦੇ।

ਤੁਖ਼ਮ ਹਕ ਦਰ ਮਜ਼ਰਾਅ ਏ ਦਿਲ ਕਾਸ਼ਤੇ ॥੩੮੪॥
ਤਾ ਗ਼ੁਬਾਰੇਦਿਲ ਜ਼ ਦਿਲ ਬਰਦਾਸ਼ਤੇ।

ਅਨੁਵਾਦ:—
ਨਾਮ-ਬੀਜ, ਦਿਲ-ਖੇਤ ਵਿੱਚ ਜੋ ਪਾਵੰਦੇ।
ਤਾਂ ਦਿਲ ਦੇ ਵਿੱਚੋਂ ਦਿਲ ਦੀ ਮੈਲ਼ ਉਠਾਵੰਦੇ।

ਬਰਸਰੇ ਤਖ਼ਤੋ ਨਮੀਂ ਕਾਇਮ ਬੁਦੇ ॥੩੮੫॥
ਜ਼ਿਕਰੇ ਮੌਲਾ ਗਰ ਬਦਿਲ ਕਾਯਮ ਸ਼ੁਦੇ।

ਅਨੁਵਾਦ:—
ਤਖ਼ਤੋ ਜਵਾਹਰ ਸੱਭੋ ਕਾਇਮ ਹੋਵੰਦਾ।
ਜ਼ਿਕਰੇ ਮੌਲਾ ਦਿਲ 'ਚ ਜੇ ਰਹਿੰਦਾ ਸਦਾ।

ਬੂਏ ਹਕ ਮੇ ਆਯਦ ਅਜ਼ ਹਰ ਮੂਏ ਸ਼ਾਂ ॥੩੮੬॥
ਜ਼ਿੰਦਾ ਮੇ ਸ਼ੁਦ ਹਰ ਕਸੇ ਅਜ਼ ਬੂਏ ਸ਼ਾਂ।

ਅਨੁਵਾਦ:—
ਹਰ ਵਾਲ ਓਹਨਾਂ ਦੇ ਚੋਂ ਆਏ ਖ਼ੁਸ਼ਬੂ ਓਹਦੀ।
ਹਰ ਬੰਦਾ ਖ਼ੁਸ਼ਬੂ ਨਾਲ ਪਾਵੇ ਜ਼ਿੰਦਗੀ।

ਨਾਮੇ ਹਕ ਬੇਰੂੰ ਨ ਬੂਦ ਅਜ਼ ਜਿਸਮੇ ਸ਼ਾਂ ॥੩੮੭॥
ਮੁਰਸ਼ਦੇ ਕਾਮਲ ਅਗਰ ਦਾਦੇ ਨਿਸ਼ਾਂ।

ਅਨੁਵਾਦ:—
ਨਾਮ ਰੱਬ ਦਾ ਨਾ ਸਰੀਰੋਂ ਬਾਹਰ ਸੀ।
ਕਰ ਦੇਂਦਾ ਪੂਰਾ ਸਤਿਗੁਰੂ ਜੇ ਜ਼ਾਹਰ ਹੀ।

ਆਬੇ ਹੈਵਾਂ ਅੰਦਰੂਨੇ ਖ਼ਾਨਾ ਹਸਤ ॥੩੮੮॥
ਲੇਕ ਬੇਹਾਦੀ ਜਹਾਂ ਬੇਗਾਨਾ ਹਸਤ।

ਅਨੁਵਾਦ:—
ਚਸ਼ਮਾਂ ਅਮ੍ਰਿਤ ਦਾ ਹੈ ਘਰ ਵਿੱਚ ਹੀ ਮੌਜੂਦ।
ਪਰ ਮੁਰਸ਼ਦ ਬਿਨਾ ਲੱਭ ਸਕਦਾ ਨਾ ਉਸਦਾ ਵਜੂਦ।

ਚੂੰ ਜ਼ਾ ਸ਼ਾਹ ਰਗ ਹਸਤ ਸ਼ਾਹ ਨਜ਼ਦੀਕ ਤਰ ॥੩੮੯॥
ਚੂੰ ਬ-ਸਹਿਰਾ ਮੇ-ਰਵੀ ਐ ਬੇਖ਼ਬਰ।

ਅਨੁਵਾਦ:—
ਪਰਮਾਤਮਾ ਸ਼ਾਹ-ਰਗ ਤੋਂ ਵੀ ਜਦ ਕੋਲ ਹੈ।
ਫਿਰ ਜੰਗਲ ਵਿੱਚ ਬੇ-ਖ਼ਬਰ! ਕਾਹਦੀ ਟੋਲ੍ਹ ਹੈ।

ਵਾਕਫ਼ੇ ਈਂ ਰਾਹ ਅਜ਼ਾਂ ਮੇ ਬਾਯਦੱਤ॥੩੯੦॥
ਤਾ ਤੁਰਾ ਰਾਹੇ ਖ਼ੁਦਾ ਬ-ਨੁਮਾਯਦਤ।

ਅਨੁਵਾਦ:—

ਇਸ ਵਾਸਤੇ ਤੈਨੂੰ ਹੈ ਇੱਕ ਰਹਿਬਰ ਦੀ ਚਾਹ।
ਤਾਂ ਜੋ ਦਿਖਲਾ ਦੇਵੇ ਤੈਨੂੰ ਰੱਬ ਦੀ ਰਾਹ।

ਵਾਕਫ਼ੇ ਈਂ ਰਾਹ ਚੂੰ ਗਰਦਦ ਰਾਹਨੁਮਾ॥੩੯੧॥
ਖ਼ਿਲਵਤੇ ਦਰ ਅੰਜਮਨ ਬਾਸ਼ਦ ਤੁਰਾ।

ਅਨੁਵਾਦ:—

ਰਹਿਬਰ ਕੋਈ ਜੇ ਕਰੇ ਅਗਵਾਈ ਤੇਰੀ।
ਤਾਂ ਭੀੜ ਵਿੱਚ ਵੀ ਰਹੇ ਤਨਹਾਈ ਤੇਰੀ।

ਆਰਫ਼ੇ ਈਂ ਰਾਹ ਅਗਰ ਆਰੀ ਬਦਸਤ॥੩੯੨॥
ਅੰਦਰੂੰ ਯਾਬੀ ਮਤਾਅਹਰ ਕਿਹ ਹਸਤ।

ਅਨੁਵਾਦ:—

ਏਸ ਰਾਹ ਦਾ ਲੱਭ ਲਏਂ ਜੇ ਜਾਣ ਕਾਰ।
ਤਾਂ ਦਿਲ ਦੇ ਅੰਦਰ ਪਾ ਲਵੇਂ ਧਨ ਦਾ ਭੰਡਾਰ।

ਮੁਰਸ਼ਦੇ ਕਾਮਲ ਕਸੇ ਰਾ ਦਸਤ ਦਾਦ॥੩੯੩॥
ਤਾਜੇ ਉਰਫ਼ਾਂ ਰਾ ਬ-ਫ਼ਰਕੇ ਊ ਨਿਹਾਦ।

ਅਨੁਵਾਦ:—

ਪੂਰਾ ਮੁਰਸ਼ਦ ਜਿਸ ਨੂੰ ਵੀ ਮਿਲ ਗਿਆ।
ਗਿਆਨ ਦਾ ਤਾਜ ਉਸਦੇ ਸਿਰ ਤੇ ਰੱਖਿਆ।

ਮਹਿਰਮੇ ਹਕ ਮੁਰਸ਼ਦੇ ਕਾਮਲ ਕੁਨਦ॥੩੯੪॥
ਦੌਲਤੇ ਜਾਵੀਦ ਰਾ ਹਾਸਲ ਕੁਨਦ।

ਅਨੁਵਾਦ:—

ਪੂਰਾ ਮੁਰਸ਼ਦ ਦੇਂਦਾ ਬ੍ਰਹਮ ਗਿਆਨੀ ਬਣਾ।
ਅਮਰਧਨ ਦੇਂਦਾ ਹੈ ਫਿਰ ਪ੍ਰਾਪਤ ਕਰਾ।

ਹਰ ਦੋ ਆਲਮ ਬੰਦਾਹ ਏ ਇਹਸਾਨੇ ਊ॥੩੯੫॥
ਈਂ ਜਹਾਂ ਵ ਆਂ ਜਹਾਂ ਕੁਰਬਾਨੇ ਊ।

ਅਨੁਵਾਦ:—

ਇਹਸਾਨ ਹੇਠਾਂ ਉਸਦੇ ਦੋਨੋ ਜਹਾਨ ਹਨ।
ਦੋਨੋ ਜਹਾਨ ਓਸਤੇ ਕੁਰਬਾਨ ਹਨ।

ਮਾਅਨੀ ਏ ਇਹਸਾਨ ਉਰਫ਼ਾਨੇ ਖ਼ੁਦਾਸਤ ॥੩੯੬॥
ਆਰਫ਼ਾਂ ਰਾ ਦੌਲਤੇ ਖ਼ੁਸ ਰੂਨਮਾਸਤ।

ਅਨੁਵਾਦ:—

ਅਰਥ ਹਨ ਇਹਸਾਨ ਦੇ ਰੱਬ ਦੀ ਪਛਾਣ।
ਆਰਫ਼ਾਂ ਲਈ ਬਹੁਤ ਅੱਛਾ ਧਨ ਇਹ ਜਾਣ।

ਊ ਦਰੂਨੇ ਦਿਲ ਤੂ ਬੈਰੂੰ ਮੇਰਵੀ ॥੩੯੭॥
ਊ ਬਖ਼ਾਨਾ ਤੂ ਬ-ਹੱਜ ਚੂ ਮੇਰਵੀ।

ਅਨੁਵਾਦ:—

ਓਹ ਹੈ ਦਿਲ ਵਿਚਕਾਰ, ਤੂੰ ਜਾਨੈਂ ਬਾਹਰ ਨੂੰ।
ਓਹ ਘਰ ਦੇ ਅੰਦਰ ਵਾਰ, ਤੂੰ ਜਾਨੈਂ ਬਾਹਰ ਨੂੰ।

ਊਸਤ ਅਜ਼ ਹਰ ਮੂਏ ਤੂੰ ਚੂ ਆਸ਼ਕਾਰ ॥੩੯੮॥
ਤੂ ਕੁਜਾ ਬੇਰੂੰ ਰਵੀ ਬਹਿਰੇ ਸ਼ਿਕਾਰ।

ਅਨੁਵਾਦ:—

ਤੱਕਦਾ ਜਦੋਂ, ਹਰ ਵਾਲ਼ ਵਾਂਗੂੰ ਜ਼ਾਹਰ ਹੈ।
ਫਿਰ ਓਹਨੂੰ ਲੱਭਦਾ ਤੂੰ ਕਿੱਥੇ ਬਾਹਰ ਹੈਂ।

ਅੰਦਰੂਨੇ ਖ਼ਾਨਾ ਅੱਤ ਨੂਰੇ ਅੱਲਾ ॥੩੯੯॥
ਤਾਫ਼ਤ ਚੂੰ ਬਰ ਆਸਮਾਂ ਖ਼ੁਰਸ਼ੀਦ ਮਾਹ।

ਅਨੁਵਾਦ:—

ਦਿਲ 'ਚ ਓਹਦਾ ਪ੍ਰਕਾਸ਼ ਪੂਰੀ ਸ਼ਾਨ ਪਰ।
ਚੰਦ ਸੂਰਜ ਚਮਕੇ ਜਿਉਂ ਅਸਮਾਨ ਪਰ।

ਅੰਦਰੂਨੇ ਚਸ਼ਮ ਤੂ ਬੀਨਾ ਸ਼ੁਦਾ ॥੪੦੦॥
ਬਰ ਜ਼ੁਬਾਨਤ ਹੁਕਮ ਊ ਗੋਯਾ ਸ਼ੁਦਾ।

ਅਨੁਵਾਦ:—

ਤੇਰੀ ਅੱਖ ਵਿੱਚ ਅੱਖ ਓਹੀਓ ਖੋਲ੍ਹਦਾ।
ਤੇਰੀ ਜੀਭ ਤੇ ਹੁਕਮ ਓਹਦਾ ਬੋਲਦਾ।

ਈਂ ਵਜੂਦਤ ਰੌਸ਼ਨ ਅਜ਼ ਨੂਰੇ ਹੱਕ ਅਸਤ ॥੪੦੧॥
ਰੌਸ਼ਨ ਅਜ਼ ਨੂਰੇ ਖ਼ੁਦਾਏ ਮੁਤਲਿਕ ਅਸਤ।

ਅਨੁਵਾਦ:—

ਜਿਸਮ ਇਹ ਰੌਸ਼ਨ ਹੈ ਰੱਬ ਦੇ ਵਾਸ ਤੋਂ।
ਰੌਸ਼ਨੀ ਆਈ ਓਹਦੇ ਪ੍ਰਕਾਸ਼ ਤੋਂ।

ਲੇਕ ਵਾਕਫ਼ ਨੇਸਤੀ ਅਜ਼ ਹਾਲ ਖ਼੍ਵੇਸ਼ ॥੪੦੨॥
ਰੋਜ਼ੋ ਸ਼ਬ ਹੈਰਾਨੀ ਅਜ਼ ਅਫ਼ਆਲ ਖ਼੍ਵੇਸ਼।

ਅਨੁਵਾਦ:—

ਪਰ ਤੂੰ ਨਹੀਂ ਵਾਕਫ਼ ਹੈਂ ਆਪਣੇ ਹਾਲ ਤੋਂ।
ਰਾਤ ਦਿਨ ਹੈਰਾਨ ਹੈਂ ਅਫ਼ਆਲ ਤੋਂ।

ਮੁਰਸ਼ਦੇ ਕਾਮਲ ਤੁਰਾ ਮਹਿਰਮ ਕੁਨਦ ॥੪੦੩॥
ਦਰ ਦਰੀਸ਼ੇ ਹਿਜਰ ਰਾ ਮਰਹਮ ਕੁਨਦ।

ਅਨੁਵਾਦ:—

ਪੂਰਨ ਗੁਰੂ ਸਕਦੈ ਤੈਨੂੰ ਗਿਆਨੀ ਬਣਾ।
ਹਿਜਰ-ਜ਼ਖ਼ਮਾਂ ਦੀ ਓਹ ਬਣ ਸਕਦੈ ਦਵਾ।

ਤਾ ਤੋ ਹਮ ਅਜ਼ ਵਾਸਲਾਨੇ ਓ ਸ਼ਵੀ ॥੪੦੪॥
ਸਾਹਿਬੇ ਦਿਲ ਗਰਦੀ ਵ ਖ਼ੁਸ਼ਖ਼ੋਸ਼ਵੀ।

ਅਨੁਵਾਦ:—

ਤੂੰ ਵੀ ਰਲ ਫਿਰ ਰੱਬ ਦੇ ਭਗਤਾਂ ਦੇ ਵਿੱਚ।
ਰੱਬ ਹੋਏ ਕਾਬੂ ਤੇ ਤੂੰ ਪ੍ਰਸੰਨ ਚਿੱਤ।

ਅਜ਼ ਬਰਾਏ ਆਂ ਕਿ ਸਰਗਰਦਾਂ ਸ਼ਵੀ ॥੪੦੫॥
ਉਮਰ ਹਾ ਅੰਦਰ ਤਲਬ ਹੈਰਾਂ ਸ਼ਵੀ।

ਅਨੁਵਾਦ:—

ਕਿਉਂਕਿ, ਤੂੰ ਉਸ ਲਈ ਪਰੇਸ਼ਾਨ ਹੈਂ।
ਤਲਬ ਵਿੱਚ ਕਈ ਜਨਮਾਂ ਤੋਂ ਹੈਰਾਨ ਹੈਂ।

ਤੂ ਚਿਹ ਬਾਸ਼ੀ ਆਲਮੇ ਹੈਰਾਨ ਊ ॥੪੦੬॥
ਅਰਸ਼ੋ ਕੁਰਸੀ ਜੁਮਲਾਹ ਸਰ ਗਰਦਾਨ ਊ।

ਅਨੁਵਾਦ:—

ਤੂੰ ਤਾਂ ਕੀ ਕੁਦਰਤ ਤੋਂ ਜੱਗ ਹੈਰਾਨ ਹੈ।
ਆਕਾਸ਼ ਤੇ ਪਾਤਾਲ ਵੀ ਪਰੇਸ਼ਾਨ ਹੈ।

ਚਰਖ਼ ਮੇਂ ਗਰਦਦ ਬਗਿਰਦੇ ਆਂ ਕਿਹ ਊ ॥੪੦੭॥
ਦਾਰਦ ਅਜ਼ ਸ਼ੌਕੇ ਖ਼ੁਦਾ ਫ਼ਰਖ਼ੰਦਾਹ ਖ਼ੂ।

ਅਨੁਵਾਦ —

ਅਸਮਾਨ ਵੀ ਉਸ ਗਿਰਦ ਘੁੰਮਦਾ ਨੇਮ ਨਾਲ।
ਚੰਗੀ ਆਦਤ ਰੱਖਦਾ ਉਸਦੇ ਪ੍ਰੇਮ ਨਾਲ।

ਜੁਮਲਾਹ ਹੈਰਾਂ ਅੰਦਾਂ ਸਰ ਗਰਦਾਨ ਊ॥੪੦੮॥
ਚੂੰ ਗਦਾ ਜੋਯਾ ਏ ਉ ਦਰ ਕੂ ਬ ਕੂ।

ਅਨੁਵਾਦ:—

ਸਾਰੇ ਹੀ ਹੈਰਾਨ ਤੇ ਬੇਹਾਲ ਹਨ।
ਮੰਗਤੇ ਬਣ ਗਲ਼ੀਆਂ 'ਚ ਕਰਦੇ ਭਾਲ਼ ਹਨ।

ਬਾਦਸ਼ਾਹੇ ਹਰ ਦੋ ਆਲਮ ਦਰ ਦਿਲ ਅਸਤ॥੪੦੯॥
ਲੇਕ ਈਂ ਆਗ਼ਸ਼ਤਾਹ ਆਬੋਗਿਲ ਅਸਤ।

ਅਨੁਵਾਦ:—

ਮਾਲਕ ਦੋ ਜਹਾਨ ਦਾ ਦਿਲ ਵਿੱਚ ਹੈ।
ਪਰ ਪਾਣੀ, ਮਿੱਟੀ ਨਾਲ ਹੋਇਆ ਗੜੁੱਚ ਹੈ।

ਦਰਦੇ ਦਿਲ ਤੇ ਨਕਸ਼ ਹੱਕ ਚੂੰ ਨਕਸ਼ ਬਸਤ॥੪੧੦॥
ਜੁਮਲਾਹ ਨਕਸ਼ੇ ਸ਼ੌਕ ਸ਼ੁਦ ਐ ਹਕਪ੍ਰਸਤ।

ਅਨੁਵਾਦ:—

ਦਿਲ ਤੇਰੇ ਜਦ ਵੱਸ ਗਿਆ ਰੱਬ ਦਾ ਸਰੂਪ।
ਸਾਰਾ ਜੱਗ ਫਿਰ ਹੋ ਗਿਆ ਰੱਬ ਦਾ ਹੀ ਰੂਪ।

ਨਕਸ਼ੇ ਹੱਕ ਯਾਨੀ ਨਿਸ਼ਾਨੇ ਨਾਮੇ ਹੱਕ॥੪੧੧॥
ਆਬੇ ਹੈਵਾਂ ਰਾ ਬਨੋਸ਼ ਜਾਮੇ ਹੱਕ।

ਅਨੁਵਾਦ:—

'ਨਕਸ਼ ਮਾਅਨੀਂ' ਰੱਬ ਦੇ ਨਾਂ ਦੀ ਹੈ ਬਾਤ।
ਪੀ ਨਾਮ ਰੂਪੀ ਪਿਆਲੇ ਸੰਗ ਆਬੇ ਹਯਾਤ।

ਆਂ ਕਿ ਊ ਰਾ ਜੁਸਤਮ ਅਜ਼ ਹਰ ਖ਼ਾਨਾ ਏ॥੪੧੨॥
ਯਾਫ਼ਤਮ ਨਾਗਾਹ ਦਰ ਕਾਸ਼ਾਨਾ ਏ।

ਅਨੁਵਾਦ:—

ਉਸਨੂੰ ਮੈਂ ਹਰ ਇੱਕ ਘਰ ਵਿੱਚ ਭਾਲ਼ਿਆ।
ਪਰ ਅਚਾਨਕ ਆਪਣੇ ਘਰ ਵਿੱਚ ਪਾ ਲਿਆ।

ਈਂ ਤੁਫ਼ੈਲੋ ਮੁਰਸ਼ਦੇ ਕਾਮਲ ਬਵਦ॥੪੧੩॥
ਹਰ ਚਿਹ ਮੇਖ਼੍ਵਾਹੀ ਅਜ਼ ਊ ਹਾਸਲ ਬਵਦ।

ਅਨੁਵਾਦ:—

ਮਿਲਦਾ ਇਹ ਸਭ ਸਤਿਗੁਰੂ ਦੀ ਮਿਹਰ ਨਾਲ।
ਸਤਿਗੁਰੂ ਤੋਂ ਮਿਲਦਾ ਜਿਸਦੀ ਤੈਨੂੰ ਭਾਲ਼।

ਈਂ ਮੁਰਾਦੇ ਦਿਲ ਕਸੇ ਬੇ ਆਂ ਨਿਯਾਫ਼ਤ ॥੪੧੪॥
ਹਰ ਗਦਾਏ ਦੌਲਤੇ ਸੁਲਤਾਂ ਨਿਯਾਫ਼ਤ।

ਅਨੁਵਾਦ:—

ਦਿਲ ਦੀ ਰਾਹ ਉਸ ਬਿਨ ਕਿਸੇ ਪਾਈ ਨਹੀਂ।
ਸ਼ਾਹੀ ਰਕਮ ਹਰ ਕੰਗਲੇ ਹੱਥ ਆਈ ਨਹੀਂ।

ਨਾਮ ਬੇ ਮੁਰਸ਼ਦ ਮਯਾਵਰ ਬਰ ਜ਼ੁਬਾਂ ॥੪੧੫॥
ਮੁਰਸ਼ਦੇ ਕਾਮਲ ਦਹਦ ਅਜ਼ ਹੱਕ ਨਿਸ਼ਾਂ।

ਅਨੁਵਾਦ:—

ਨਗੁਰੇ ਦਾ ਨਾਓਂ ਜੀਭ ਉੱਤੇ ਮੱਤ ਲਿਆ।
ਪੂਰਾ ਸਤਿਗੁਰ ਰੱਬ ਦਾ ਹੈ ਦੇਂਦਾ ਪਤਾ।

ਮੁਰਸ਼ਦੇ ਹਰ ਚੀਜ਼ ਮੇਬਾਸ਼ਦ ਬਸੇ ॥੪੧੬॥
ਮੁਰਸ਼ਦੇ ਕਾਮਲ ਕੁਜਾ ਯਾਬਦ ਕਸੇ।

ਅਨੁਵਾਦ:—

ਹਰ ਕੰਮ ਦੇ ਤਾਂ ਗੁਰੂ ਹੁੰਦੇ ਬਹੁਤ ਵੱਧ।
ਪਰ ਕਿਸੇ ਨੂੰ ਪੂਰਾ ਗੁਰੂ ਮਿਲਦਾ ਹੈ ਕਦ।

ਆਂ ਖ਼ੁਦਾਏ ਪਾਕ ਦਿਲ ਰਾ ਕਾਮ ਦਾਦ ॥੪੧੭॥
ਈਂ ਦਿਲੇ ਸਰ ਗਸ਼ਤਹ ਰਾ ਆਰਾਮ ਦਾਦ।

ਅਨੁਵਾਦ:—

ਰੱਬ ਸੱਚੇ ਦਿਲ ਦੀ ਪੂਰੀ ਕੀਤੀ ਕਾਮਨਾ।
ਦਿਲ ਨੂੰ ਦਿੱਤਾ ਆਰਾਮ ਜਿਹਨੂੰ, ਆਰਾਮ ਨਾ।

ਹਾਸਿਲੇ ਹੱਕ ਮੁਰਸ਼ਦੇ ਕਾਮਿਲ ਬਵਦ ॥੪੧੮॥
ਜ਼ਾਂ ਕਿ ਊ ਆਰਾਮੇ ਜਾਨੋਂ ਦਿਲ ਬਵਦ।

ਅਨੁਵਾਦ:—

ਪੂਰਾ ਸਤਿਗੁਰੂ ਹੁੰਦਾ ਰੱਬ ਦੀ ਪ੍ਰਾਪਤੀ।
ਕਿਉਂਕਿ ਓਹੀ ਦਿਲ ਨੂੰ ਦੇਵੇ ਸ਼ਾਨਤੀ।

ਅੱਵਲਨ ਐ ਦਿਲ ਫ਼ਨਾਹ ਏ ਖ਼੍ਵੇਸ਼ ਸ਼ੂ ॥੪੧੯॥
ਤਾ ਬਯਾਬੀ ਰਾਹੇ ਹੱਕ ਦਰ ਕੂਏ ਊ।

ਅਨੁਵਾਦ:—

ਪਹਿਲਾਂ ਐ ਦਿਲ ਆਪ ਤੂੰ ਖ਼ੁਦ ਨੂੰ ਮਿਟਾ।
ਫੇਰ ਰੱਬ ਦਾ ਰਾਹ ਤੂੰ ਉਸ ਕੂਚੇ 'ਚੋਂ ਪਾ।

ਵਾਕਫ਼ੇ ਅਜ਼ ਮੁਰਸ਼ਦੇ ਕਾਮਲ ਸ਼ਵੀ॥੪੨੦॥
ਬੇ ਤਕਲੱਫ਼ ਸਾਹਿਬੇ ਈਂ ਦਿਲ ਸ਼ਵੀ।

ਅਨੁਵਾਦ:—
ਪੂਰਾ ਸਤਿਗੁਰ ਤੋਂ ਪਾ ਜਾਏਂਗਾ ਗਿਆਨ।
ਬਿਨ ਜਤਨ ਮਨ ਹੋ ਜਾਊਗਾ ਕਾਬੂ ਆਣ।

ਹਰ ਕਿ ਊ ਖ਼ੁਦ ਰਾ ਫ਼ਨਾਹ ਏ ਆਂ ਨ ਕਰਦ॥੪੨੧॥
ਹੱਕ ਮਰਾ ਊ ਰਾ ਸਾਹਿਬ ਉਰਫ਼ਾਂ ਨ ਕਰਦ।

ਅਨੁਵਾਦ:—
ਹੋਇਆ ਨਹੀਂ ਇੱਕ ਮਿੱਕ ਜੋ, ਖ਼ੁਦ ਨੂੰ ਮਿਟਾ।
ਕੀਤਾ ਨਹੀਂ ਰੱਬ ਉਸਨੂੰ ਵਾਕਫ਼ ਗਿਆਨ ਦਾ।

ਹਰ ਚਿਹ ਹਸਤ ਆਂ ਅੰਦਰੂਨੇ ਖ਼ਾਨਾ ਅਸਤ॥੪੨੨॥
ਸੈਰ ਕੁਨ ਦਰ ਕਿਸ਼ਤੇ ਦਿਲ ਈਂ ਦਾਨਾ ਅਸਤ।

ਅਨੁਵਾਦ:—
ਜੋ ਕੁੱਝ ਵੀ ਹੈ ਸਭ ਅੰਦਰ ਇਸ ਖ਼ਾਨਾ ਮਿਲੂ।
ਸੈਰ ਕਰ ਦਿਲ-ਖੇਤ 'ਚੋਂ ਦਾਣਾ ਮਿਲੂ।

ਮੁਰਸ਼ਦੇ ਕਾਮਲ ਚੂ ਬਾਸ਼ਦ ਰਹਿ ਨੁਮਾ॥੪੨੩॥
ਬਾ ਖ਼ੁਦਾਏ ਖ਼੍ਵੇਸ਼ ਗਰਦੀ ਆਸ਼ਨਾ।

ਅਨੁਵਾਦ:—
ਪੂਰਾ ਸਤਿਗੁਰ ਤੈਨੂੰ ਜੇ ਦੱਸ ਦੇਵੇਗਾ।
ਪਾ ਲਵੇਂਗਾ ਭੇਤ ਆਪਣੇ ਰੱਬ ਦਾ।

ਗਰ ਦਿਲੇ ਤੋ ਜਾਨਿਬੇ ਹੱਕ ਆਰਦਤ॥੪੨੪॥
ਅਜ਼ ਬੁਨੇ ਹਰ ਮੂਏ ਹੱਕ ਮੇਬਾਰਦਤ।

ਅਨੁਵਾਦ:—
ਦਿਲ ਤੇਰਾ ਲੈ ਆਵੇ ਰੱਬ ਦੇ ਵੱਲ ਅਗਰ।
ਹਰ ਇੱਕ ਵਾਲ ਦੀ ਜੜ 'ਚੋਂ ਰੱਬ ਆਵੇ ਨਜ਼ਰ।

ਹਰ ਦਰੀਂ ਦੁਨੀਆਂ ਬਯਾਬੀ ਕਾਮ ਰਾ॥੪੨੫॥
ਖ਼ਾਕ ਬਰ ਸਰ ਕੁਨ ਗ਼ਮੇ ਅਯਾਮ ਰਾ।

ਅਨੁਵਾਦ:—
ਇਸ ਜੱਗ 'ਚ ਲੈਣੈ ਤੂੰ ਮਤਲਬ ਨੂੰ ਕਮਾ।
ਗ਼ਮ ਦੇ ਜ਼ਮਾਨੇ ਦੇ ਤੂੰ ਸਿਰ ਤੇ ਖ਼ਾਕ ਪਾ।

ਬੇਰੂੰ ਅਜ਼ ਜਿਸਮੇ ਤੂ ਨ ਬੂਦ ਹੇਚ ਚੀਜ਼॥੪੨੬॥
ਯੱਕ ਦਮੇ ਹਮਖ਼੍ਵੇਸ਼ਤਨ ਰਾ ਕੁਨ ਤਮੀਜ਼।

ਅਨੁਵਾਦ:—
ਤੇਰੇ ਵਜੂਦੋਂ ਬਾਹਰ ਹੈ ਕੋਈ ਨਾ ਚੀਜ਼।
ਇੱਕ ਦਮ ਤੂੰ ਆਪਣੇ ਆਪ ਦੀ ਕਰਲੈ ਤਮੀਜ਼।

ਤਾ ਬਯਾਬੀ ਈਂ ਸਆਦਤ ਰਾ ਮਦਾਮ॥੪੨੭॥
ਗਰ ਬਦਾਨੀ ਮਨ ਕਦਾਮੋ ਹੱਕ ਕਦਾਮ।

ਅਨੁਵਾਦ:—
ਫਿਰ ਹਮੇਸ਼ਾ ਭਾਗ ਚੰਗੇ ਪਾਏਂਗਾ।
ਜਾਣ ਜੇ ਖ਼ੁਦ ਨੂੰ ਤੇ ਰੱਬ ਨੂੰ ਜਾਏਂਗਾ।

ਮਨ ਚਿਹ ਜ਼ੱਰ੍ਹਾ ਮੁਸ਼ਤ ਅਜ਼ ਖ਼ਾਕੇ ਗ਼ਰੀਬ॥੪੨੮॥
ਈਂ ਹਮਹ ਦੌਲਤ ਮੁਰਸ਼ਦ ਸ਼ੁਦ ਨਸੀਬ।

ਅਨੁਵਾਦ:—
ਮੈਂ ਕੀ ਹਾਂ? ਇੱਕ ਥੋੜ੍ਹੀ ਜੀ ਮੁੱਠੀ ਖ਼ਾਕ ਦੀ।
ਇਹ ਸਾਰੀ ਦੌਲਤ ਗੁਰੂ ਤੋਂ ਪਰਾਪਤ ਹੋਈ।

ਐ ਜ਼ਹੇ ਮੁਰਸ਼ਦ ਕਿ ਨਾਮੇ ਪਾਕ ਰਾ॥੪੨੯॥
ਅਜ਼ ਕਰਮ ਬਖ਼ਸ਼ਦ ਮੁਸ਼ਤੇ ਖ਼ਾਕ ਰਾ।

ਅਨੁਵਾਦ:—
ਐ ਭਰਾ! ਸਤਿਗੁਰ ਹੈ ਧੰਨ ਜਿਸ ਨਾਮ ਪਾਕ।
ਬਖ਼ਸ਼ਕੇ ਕਿਰਪਾ 'ਚ ਲਿਆਂਦੀ ਮੁੱਠ ਖ਼ਾਕ।

ਐ ਜ਼ਹੇ ਮੁਰਸ਼ਦ ਕਿ ਦਿਲ ਰਾ ਸ਼ੌਕ ਦਾਦ॥੪੩੦॥
ਐ ਜ਼ਹੇ ਮੁਰਸ਼ਦ ਕਿ ਬੰਦ ਦਿਲ ਕੁਸ਼ਾਦ।

ਅਨੁਵਾਦ:—
ਧੰਨ ਗੁਰੂ ਜਿਸ ਪ੍ਰੇਮ ਬਖ਼ਸ਼ਿਆ ਰੱਬ ਦਾ।
ਧੰਨ ਗੁਰੂ ਜਿਸ ਦਿਲ ਦੀ ਗੱਠ ਨੂੰ ਖੋਲ੍ਹਿਆ।

ਐ ਜ਼ਹੇ ਮੁਰਸ਼ਦ ਚੂ ਮਾ ਤੀਰਹ ਦਿਲਾਂ॥੪੩੧॥
ਕਰਦ ਰੌਸ਼ਨ ਦਰ ਜ਼ਮੀਨੋ ਆਸਮਾਂ।

ਅਨੁਵਾਦ:—
ਧੰਨ ਗੁਰੂ ਜਿਨ੍ਹਾਂ ਤੋਂ ਦਿਲਾਂ ਦੇ ਨ੍ਹੇਰੇ ਮਿਟੇ।
ਕਰ ਦਿੱਤੇ ਰੌਸ਼ਨ ਓਹ ਧਰਤ ਆਕਾਸ਼ ਤੇ।

ਐ ਜ਼ਹੇ ਮੁਰਸ਼ਦ ਕਿਹ ਹੱਕ ਆਸ਼ਨਾ॥੪੩੨॥
ਕਰਦ ਫ਼ਾਰਗ਼ ਅਜ਼ ਗ਼ਮੇ ਰੰਜੋ ਬਲਾ।

ਅਨੁਵਾਦ:—

ਧੰਨ ਗੁਰੂ ਰੱਬ ਸੰਗ ਜੋ ਹੈ ਰਲ-ਗੱਡ ਗਏ।
ਦੁੱਖ, ਦਰਦ ਤੇ ਫ਼ਿਕਰ ਸਭੋ ਛੱਡ ਗਏ।

ਐ ਜ਼ਹੇ ਮੁਰਸ਼ਦ ਕਿ ਉਮਰੇ ਜਾਵਦਾਂ॥੪੩੩॥
ਬਖ਼ਸ਼ਦ ਅਜ਼ ਨਾਮੇ ਖ਼ੁਦਾਏ ਬੇਨਿਸ਼ਾਂ।

ਅਨੁਵਾਦ:—

ਧੰਨ ਗੁਰੂ ਬਖ਼ਸ਼ਣ ਸਦਾ ਦੀ ਜ਼ਿੰਦਗੀ।
ਬਖ਼ਸ਼ਦੇ ਅੱਲਾ ਦੇ ਨਾਂ ਦੀ ਬੰਦਗੀ।

ਐ ਜ਼ਹੇ ਮੁਰਸ਼ਦ ਕਿ ਅਜ਼ ਯੱਕ ਕਤਰਾਹ ਆਬ॥੪੩੪॥
ਕਰਦ ਰੋਸ਼ਨ  ਹਮਚੂ ਮਾਹੋ ਆਫ਼ਤਾਬ।

ਅਨੁਵਾਦ:-

ਧੰਨ ਗੁਰੂ ਕਿ ਇੱਕ ਪਾਣੀ-ਬੂੰਦ ਦੀ।
ਚੰਨ-ਸੂਰਜ ਵਾਂਗ ਦੇਵੇ ਰੌਸ਼ਨੀ।

ਐ ਜ਼ਹੇ ਮੁਰਸ਼ਦ ਜ਼ਹੇ ਇਹਸਾਨ ਊ॥੪੩੫॥
ਸਦ ਹਜ਼ਾਰਾਂ ਹਮਚੂ ਮਨ ਕੁਰਬਾਨ ਊ।

ਅਨੁਵਾਦ:—

ਧੰਨ ਗੁਰੂ ਤੇ ਧੰਨ ਉਹਦੇ ਉਪਕਾਰ ਹਨ।
ਮੇਰੇ ਜਿਹੇ ਕੁਰਬਾਨ ਸੌ ਹਜ਼ਾਰ ਹਨ।

ਦਰ ਜ਼ਮੀਨੋ ਆਸਮਾ ਨਾਮਸ਼ ਬਵਦ॥੪੩੬॥
ਹਰ ਮੁਰੀਦੇ ਸਾਹਿਬੇ ਦਾਨਿਸ਼ ਬਵਦ।

ਅਨੁਵਾਦ:—

ਨਾਮ ਉਹਨਾਂ ਦਾ ਵਿੱਚ ਅਸਮਾਨ-ਜ਼ਮੀਨ ਹੈ।
ਉਹਨਾਂ ਦਾ ਹਰ ਸੇਵਕ ਬਹੁਤ ਜ਼ਹੀਨ ਹੈ।

ਹਰ ਕਿ ਖ਼ੁਸ਼ ਬਾਸ਼ਦ ਜ਼ ਗੁਫ਼ਤੋ ਗੋਏ ਊ॥੪੩੭॥
ਹੱਕ ਹਮੇਸ਼ਾਂ ਬਾਸ਼ਦ ਊ ਰਾ ਰੂ ਬਰੂ।

ਅਨੁਵਾਦ:—

ਜੋ ਕੋਈ ਸੁਣ ਬਚਨ ਖ਼ੁਸ਼ ਹੋ ਜਾਵੰਦਾ।
ਰੱਬ ਦਾ ਉਹ ਗਿਆਨ ਪੂਰਾ ਪਾਵੰਦਾ।

ਹੱਕ ਹਮੇਸ਼ਾ ਬਾਸ਼ਦ ਊ ਰਾ ਦਰ ਹਜ਼ੂਰ ॥੪੩੮॥
ਜ਼ਿਕਰ ਊ ਬਾਸ਼ਦ ਦਰ ਊ ਰਾ ਦਰ ਸਦੂਰ।

ਅਨੁਵਾਦ:—
ਰੱਬ ਉਹਦੇ ਹਰ ਵਕਤ ਰਹਿੰਦਾ ਰੂ ਬਰੂ।
ਜ਼ਿਕਰ ਉਹਦਾ ਜਿਸ ਦੇ ਦਿਲ ਵਿੱਚ ਰਹੂ।

ਸੂਰਤੇ ਹੱਕ ਮੁਰਸ਼ਦੇ ਕਾਮਲ ਬਵਦ ॥੪੩੯॥
ਦੀਦਨਸ਼ ਆਰਾਮ ਜਾਂ ਵ ਦਿਲ ਬਵਦ।

ਅਨੁਵਾਦ:—
ਪੂਰਾ ਸਤਿਗੁਰੂ ਹੋਏ ਰੱਬ ਦੇ ਰੂਪ ਤੋਂ।
ਦਿਲ ਜਾਨ ਹੋਏ ਸ਼ਾਂਤ ਉਸਦੇ ਸਰੂਪ ਤੋਂ।

ਸੂਰਤੇ ਹੱਕ ਮਾਅਨੀ ਅਜ਼ ਮੁਸ਼ਦ ਬਵਦ ॥੪੪੦॥
ਹਰ ਕਿ ਬਰ ਗਰਦਦ ਅਜ਼ਾਂ ਮੁਰਤਦ ਬਵਦ।

ਅਨੁਵਾਦ:—
ਰੱਬ ਦੀ ਸੂਰਤ ਦੇ ਅਰਥ ਪੂਰਾ ਗੁਰੂ।
ਉਹ ਹੈ ਕਾਫ਼ਰ ਜੋ ਓਹਤੋਂ ਮੂੰਹ ਫੇਰ ਲੂ।

ਮੁਰਸ਼ਦੇ ਕਾਮਲ ਬਗ਼ੈਰ ਅਜ਼ ਹੱਕ ਨ ਗੁਫ਼ਤ ॥੪੪੧॥
ਦੁੱਰੇ ਈਂ ਮਾਅਨੀ ਬਗ਼ੈਰ ਅਜ਼ ਆਂ ਨ ਸੁਫ਼ਤ।

ਅਨੁਵਾਦ:—
ਪੂਰਾ ਸਤਿਗੁਰ ਹੱਕ ਬਿਨਾ ਨਹੀਂ ਬੋਲਦਾ।
ਇਹ ਗਿਆਨ-ਮੋਤੀ ਉਸ ਬਿਨ ਕੋਈ ਨਾ ਤੋਲਦਾ।

ਤਾ ਕੁਜਾ ਸ਼ੁਕਰੀ ਜ਼ ਇਹਸਾਨਸ਼ ਕੁਨਮ ॥੪੪੨॥
ਹਰ ਚਿ ਆਯਦ ਬਰ ਜ਼ੁਬਾਂ ਈਂ ਮੁਗ਼ਤਨਮ।

ਅਨੁਵਾਦ:—
ਅਹਿਸਾਨ ਉਹਦੇ ਦਾ ਕਿੰਝ ਕਰਾਂ ਮੈਂ ਸ਼ੁਕਰੀਆ।
ਚੰਗਾ ਓਹੀ ਜੋ ਜੀਭ ਤੋਂ ਜਾਂਦੈ ਕਿਹਾ।

ਅਜ਼ ਗ਼ਲਾਜ਼ਤ ਦਿਲ ਖ਼ੁਦਾ ਚੂੰ ਸਾਫ਼ ਕਰਦ ॥੪੪੩॥
ਮੁਰਸ਼ਦੇ ਕਾਮਲ ਬਰੀਂ ਇਲਤਾਫ਼ ਕਰਦ।

ਅਨੁਵਾਦ:—
ਦਿਲ 'ਚੋਂ ਕੀਤੀ ਸਾਫ਼ ਰੱਬ ਨੇ ਗੰਦਗੀ।
ਫਿਰ ਪੂਰੇ ਸਤਿਗੁਰ ਜੀਵ ਤੇ ਕਿਰਪਾ ਕਰੀ।

ਵਰਨਾਹ ਈਂ ਰਾਹੇ ਖ਼ੁਦਾ ਕੈ ਦਾਂਦੇ॥੪੪੪॥
ਅਜ਼ ਕਿਤਾਬੇ ਹੱਕ ਸ਼ਬਕ ਕੈ ਖ਼੍ਵਾਂਦੇ।

ਅਨੁਵਾਦ:—

ਵਰਨਾ ਇਹ ਰਾਹ ਰੱਬ ਦਾ ਫੜਦੇ ਕਦੋਂ।
ਬ੍ਰਹਮ-ਵਿੱਦਿਆ ਪਾਠ ਨੂੰ ਪੜ੍ਹਦੇ ਕਦੋਂ।

ਈਂ ਹਮਹ ਚੂੰ ਅਜ਼ ਤੁਫ਼ੈਲੇ ਮੁਰਸ਼ਦ ਅਸਤ॥੪੪੫॥
ਹਰ ਕਿ ਮੁਰਸ਼ਦ ਰਾ ਨਾ ਦਾਨਦ ਖ਼ਰ ਤੁਰਾ ਸਤ।

ਅਨੁਵਾਦ:—

ਗੁਰ ਦੀ ਮਿਹਰੋਂ ਜਦ ਇਹ ਸਭ ਕੁੱਝ ਮਾਣਦਾ।
ਹੈ ਗਧਿਓਂ ਵੱਧ, ਜੋ ਨਾ ਗੁਰੂ ਨੂੰ ਜਾਣਦਾ।

ਮੁਰਸ਼ਦੇ ਕਾਮਲ ਇਲਾਜੇ ਦਿਲ ਕੁਨਦ॥੪੪੬॥
ਕਾਮ ਦਿਲ ਅੰਦਰ ਦਿਲਤ ਹਾਸਲ ਕੁਨਦ।

ਅਨੁਵਾਦ:—

ਪੂਰੇ ਸਤਿਗੁਰ ਬਖ਼ਸ਼ਦੇ ਦਿਲ ਨੂੰ ਸ਼ਫ਼ਾ।
ਦਿਲ 'ਚ ਲੱਭਦੇ ਹੱਲ ਦਿਲ ਦੀ ਖ਼ੁਵਾਹਸ਼ ਦਾ।

ਨਬਜ਼ੇ ਦਿਲ ਚੂੰ ਮੁਰਸ਼ਦੇ ਕਾਮਲ ਸ਼ਿਨਾਖ਼ਤ॥੪੪੭॥
ਜ਼ਿੰਦਗੀ ਏ ਉਮਰ ਰਾ ਹਾਸਿਲ ਸ਼ਿਨਾਖ਼ਤ।

ਅਨੁਵਾਦ:—

ਜਦ ਸਤਿਗੁਰ ਦਿਲ ਦੀ ਨਬਜ਼ ਪਹਿਚਾਣਲੀ।
ਉਮਰ ਭਰ ਜੀਣੇ ਦੀ ਰਾਹ ਫਿਰ ਜਾਣ ਲੀ।

ਜ਼ਿੰਦਗੀ ਏ ਉਮਰ ਹਾਸਿਲ ਮੇਸ਼ਵਦ॥੪੪੮॥
ਅਜ਼ ਤੁਫ਼ੈਲਸ਼ ਸਾਹਿਬੇ ਦਿਲ ਮੇਸ਼ਵਦ।

ਅਨੁਵਾਦ:—

ਸਦਾ ਦਾ ਜੀਵਨ ਮਿਲੇ, ਇਹ ਠੀਕ ਜਾਣ।
ਉਸਦੀ ਕ੍ਰਿਪਾ ਨਾਲ ਹੁੰਦਾ ਗਿਆਨ ਵਾਨ।

ਤਾ ਖ਼ੁਦਾਏ ਖ਼੍ਵੇਸ਼ਤਨ ਬਸ਼ਨਾਖ਼ਤਨ॥੪੪੯॥
ਨਕਦ ਉਮਰੇ ਖ਼੍ਵੇਸ਼ਤਨ ਦਰਯਾਫ਼ਤਨ।

ਅਨੁਵਾਦ:—

ਜਦ ਓਹਨੇ ਆਪਣੇ ਖ਼ੁਦਾ ਨੂੰ ਭਾਲ਼ਿਆ।
ਉਸਨੇ ਫਿਰ ਧਨ ਜ਼ਿੰਦਗੀ ਦਾ ਪਾ ਲਿਆ।

ਈਂ ਮਤਾਅ ਅੰਦਰ ਦੋਕਾਨੇ ਹੱਕ ਬਵਦ॥੪੫੦॥
ਮੁਰਸ਼ਦੇ ਕਾਮਿਲ ਨਿਸ਼ਾਨੇ ਹੱਕ ਦਹਦ।

ਅਨੁਵਾਦ:—

ਪੂੰਜੀ ਇਹ ਅੰਦਰ ਮਿਲੇ ਰੱਬ ਦੀ ਦੁਕਾਨ।
ਪੂਰਾ ਸਤਿਗੁਰ ਰੱਬ ਦਾ ਦੱਸਦਾ ਨਿਸ਼ਾਨ।

ਮੁਰਸ਼ਦੇ ਕਾਮਲ ਦਹਦ ਪਾਕੀ ਤੁਰਾ॥੪੫੧॥
ਮੇਕਸ਼ਦ ਅਜ਼ ਚਾਹ ਗ਼ਮਨਾਕੀ ਤੁਰਾ।

ਅਨੁਵਾਦ:—

ਪੂਰਾ ਸਤਿਗੁਰ ਬਖ਼ਸ਼ਦਾ ਹੈ ਸ਼ੁੱਧਤਾ।
ਗ਼ਮ ਦੇ ਖੂਹ ਵਿੱਚੋਂ ਹੈ ਬਾਹਰ ਕੱਢਦਾ।

ਸੋਹਬਤੇ ਆਰਫ਼ ਅਜਬ ਦੌਲਤ ਬਵਦ॥੪੫੨॥
ਈਂ ਹਮਹ ਮੌ ਕੂਫ਼ ਬਰ ਸੋਹਬਤ ਬਵਦ।

ਅਨੁਵਾਦ:—

ਆਰਫ਼ਾ ਦਾ ਸੰਗ ਹੈ ਦੌਲਤ ਅਜੀਬ।
ਪ੍ਰਾਪਤੀ, ਉਹਨਾਂ ਦੇ ਹੈ ਰਹਿਣਾ ਕਰੀਬ।

ਤਾਲਬੇ ਮਰਦਾਨੇ ਹੱਕ ਰਾ ਦੋਸਤ ਦਾਰ॥੪੫੩॥
ਗ਼ੈਰ ਜ਼ਿਕਰਸ਼ ਬਰ ਜ਼ਬਾਂ ਹਰਗਿਜ਼ ਮਯਾਰ।

ਅਨੁਵਾਦ:-

ਰੱਬ ਦੇ ਜੋ ਆਸ਼ਕ ਨੇ ਤੂੰ ਮਿੱਤਰ ਬਣਾ।
ਭਜਨ ਬਿਨ ਗੱਲ ਹੋਰ ਨਾ ਜੀਭਾ ਤੇ ਲਿਆ।

ਐ ਅਜ਼ੀਜ਼ੇ ਮਨ ਸ਼ਨੋ ਅਜ਼ਮਨ ਸੁਖ਼ਨ॥੪੫੪॥
ਤਾ ਬਯਾਬੀ ਰਾਹੇ ਹੱਕ ਐ ਜਾਨੇ ਮਨ।

ਅਨੁਵਾਦ:—

ਮੇਰੇ ਪਿਆਰੇ! ਮੇਰੀ ਗੱਲ ਵੱਲ ਧਰ ਧਿਆਨ।
ਫੇਰ ਰੱਬ ਦੇ ਰਾਹ ਚੱਲੇਂਗਾ, ਮੇਰੀ ਜਾਨ।

ਖ਼ਾਕ ਸ਼ੋ ਮਰਦਾਨੇ ਹੱਕ ਰਾ ਖ਼ਾਕ ਪਾਸ਼॥੪੫੫॥
ਨੇ ਪਏ ਦੁਨੀਆਂ ਏ ਦੂੰ ਗ਼ਮਨਾਕ ਪਾਸ਼।

ਅਨੁਵਾਦ:—

ਸਾਧੂਆਂ ਦੀ ਧੂੜ ਛੋਹ ਕੇ ਪਾਕ ਹੋ।
ਜੱਗ ਕਮੀਨੇ ਲਈ ਨਾ ਗ਼ਮਨਾਕ ਹੋ।

ਗਰ ਤੂ ਖ਼੍ਵਾਨੀ ਨੁਸਖ਼ਾ ਅਜ਼ ਸ਼ਾਨੇ ਇਸ਼ਕ ॥੪੫੬॥
ਮੇਸ਼ਵੀ ਸਰ ਦਫ਼ਤਰੇ ਐਵਾਨ ਇਸ਼ਕ॥

ਅਨੁਵਾਦ:—

ਪੜ੍ਹ ਲਵੇਂ ਜੇ ਇਸ਼ਕ ਦੇ ਵਿੱਚ ਤੂੰ ਕਿਤਾਬ।
ਤਾਂ ਇਸ਼ਕ ਦੇ ਦਫ਼ਤਰ ਦਾ ਹੋ ਜਾਵੇਂ ਨਵਾਬ।

ਇਸ਼ਕ ਮੌਲਾ ਮਰ ਤੁਰਾ ਮੌਲਾ ਕੁਨਦ॥੪੫੭॥
ਦਰਦੋ ਆਲਮ ਬਿਹਤਰੋ ਅਵੱਲਾ ਕੁਨਦ।

ਅਨੁਵਾਦ:—

ਪ੍ਰੇਮ ਰੱਬ ਦਾ ਬਖ਼ਸ਼ਦੇਗਾ ਰੱਬ-ਰੂਪ।
ਦੋ ਜਹਾਨੀ ਕਰ ਦੇਊ ਤੈਨੂੰ ਅਨੂਪ।

ਯਾ ਇਲਾਹੀ ਈਂ ਦਿਲਮ ਰਾ ਸ਼ੌਕ ਦੇਹ॥੪੫੮॥
ਲੱਜ਼ਤੇ ਅਜ਼ ਸ਼ੌਕ ਖ਼ਾਸ ਓ ਜ਼ੌਕ ਦੇਹ।

ਅਨੁਵਾਦ:—

ਰੱਬਾ! ਮੇਰੇ ਦਿਲ ਨੂੰ ਆਪਣਾ ਸ਼ੌਕ ਦੇਹ।
ਆਪਣੇ ਖ਼ਾਸ ਸਰੂਪ ਵਿੱਚੋਂ ਜ਼ੌਕ ਦੇਹ।

ਤਾ ਬਯਾਦਤ ਬਗਜ਼ੁਰਦ ਰੋਜ਼ੋ ਸ਼ਬਮ॥੪੫੯॥
ਦੇਹ ਰਿਹਾਈ ਬੰਦਾ ਰਾ ਅਜ਼ ਕੈਦੇ ਗਮ।

ਅਨੁਵਾਦ:—

ਤਾਂ ਜੋ ਤੇਰੀ ਧੁਨ 'ਚ ਗੁਜ਼ਰੇ ਰਾਤ ਦਿਨ।
ਗ਼ਮ ਦੇ ਬੰਧਨੋਂ ਛੁਟ ਜਾਏ ਇਹ ਬੰਦਾ ਜਨ।

ਦੌਲਤੇ ਆਂ ਇਹ ਕਿ ਬਾਸ਼ਦ ਪਾਇਦਾਰ॥੪੬੦॥
ਸੋਹਬਤੇ ਆਂ ਦਿਹ ਕਿ ਬਾਸ਼ਦ ਗ਼ਮਗੁਸਾਰ।

ਅਨੁਵਾਦ:—

ਦੌਲਤ ਬਖ਼ਸ਼ਦੋ ਓਹ, ਸਦਾ ਕਾਇਮ ਰਹੇ।
ਪਿਆਰ ਬਖ਼ਸ਼ੋ ਓਹ, ਸਦਾ ਜੋ ਗ਼ਮ ਹਰੇ।

ਨੀਯੱਤ ਆਂ ਦਿਹ ਕਿ ਬਾਸ਼ਦ ਹੱਕ ਗੁਜ਼ਾਰ॥੪੬੧॥
ਹਿੰਮਤ ਆਂ ਦਿਹ ਕਿ ਬਾਸ਼ਦ ਜਾਂ-ਨਿਸਾਰ।

ਅਨੁਵਾਦ:—

ਇਰਾਦਾ ਬਖ਼ਸ਼ ਐਸਾ, ਕਰੇ ਜੋ ਹੱਕ ਅਦਾ।
ਹਿੰਮਤ ਬਖ਼ਸ਼ ਐਸੀ ਕਿ ਹੋ ਜਾਈਏ ਫ਼ਿਦਾ।

ਹਰ ਚਿਹ ਦਾਰਦ ਦਰ ਰਹਿਤ, ਕੁਰਬਾਂ ਕੁਨਦ॥੪੬੨॥
ਜਾਨੋਂ ਦਿਲ ਕੁਰਬਾਂ ਰਹੇ ਸੁਬਹਾਂ ਕੁਨਦ।

ਅਨੁਵਾਦ:—

ਕੋਲ਼ ਜੋ ਕੁਝ ਹੈ, ਉਹ ਰਾਹ ਤੇਰੇ ਦਏ।
ਭੇਟ ਹੋਏ ਜਾਨ, ਦਿਲ, ਰੱਬ ਦੀ ਕਰੇ।

ਦੀਦਹ ਅਮ ਰਾ ਲੱਜ਼ਤੇ ਦੀਦਾਰ ਬਖ਼ਸ਼॥੪੬੩॥
ਸੀਨਾ ਅਮ ਰਾ ਮਖ਼ਜ਼ਨੇ ਅਸਰਾਰ ਬਖ਼ਸ਼।

ਅਨੁਵਾਦ:—

ਮੇਰੀ ਅੱਖ ਨੂੰ ਆਪਣੇ ਦਰਸ਼ਨ ਦੇ ਕਰਾ।
ਭੇਦਾਂ ਦਾ ਦਿਲ ਨੂੰ ਖ਼ਜ਼ਾਨਾ ਦੇ ਬਣਾ।

ਈਂ ਦਿਲੇ ਬਰਯਾਨ ਮਾ ਰਾ ਸ਼ੌਕ ਦਿਹ॥ ੪੬੪॥
ਦਰ ਗੁਲੋਯਮ ਬੰਦਗੀ ਰਾ ਤੌਕ ਦਿਹ।

ਅਨੁਵਾਦ:—

ਜਲ਼ ਗਏ ਦਿਲ ਮੇਰੇ ਨੂੰ ਕਰ ਸ਼ੌਕ ਅਦਾ।
ਗਲ਼ ਮੇਰੇ ਵਿੱਚ ਬੰਦਗੀ ਦਾ ਤੌਕ ਪਾ।

ਹਿਜਰੇ ਮਾ ਰਾ ਆਰਜ਼ੂਏ ਵਸਲ ਬਖ਼ਸ਼॥੪੬੫॥
ਈਂ ਖ਼ਿਜ਼ਾਨੇ ਜਿਸਮੇ ਮਾ ਰਾ ਫ਼ਜ਼ਲ ਬਖ਼ਸ਼।

ਅਨੁਵਾਦ:—

ਹਿਜਰ ਨੂੰ ਦੇਹ ਸ਼ੌਕ ਆਪਣੇ ਮਿਲਣ ਦਾ।
ਪੱਤਝੜ ਦੇ ਮਾਰੇ ਜਿਸਮ ਨੂੰ ਕਰਦੇ ਹਰਾ।

ਬਰ ਸਰੇ ਹਰ ਮੂ ਜ਼ਬਾਂ ਕੁਨ ਅਜ਼ ਕਰਮ॥੪੬੬॥
ਤਾ ਬਗੋਯਦ ਵਸਫ਼ੇ ਹੱਕ ਰਾ ਦਮ ਬਦਮ।

ਅਨੁਵਾਦ:—

ਰੱਬਾ! ਮੇਰੇ ਹਰ ਵਾਲ਼ ਨੂੰ ਤੂੰ ਜੀਭ ਲਾ।
ਤਾਂ ਜੋ ਗੁਣ ਗਾਂਦਾ ਰਹਾਂ ਤੇਰੇ ਸਦਾ।

ਵਸਫ਼ੇ ਹੱਕ ਬੇਰੂੰ ਬਵਦ ਅਜ਼ ਗੁਫ਼ਤਗੂ॥੪੬੭॥
ਈਂ ਹਦੀਸੇ ਸ਼ਾਹ ਬਾਸ਼ਦ ਕੂ ਬਕੂ।

ਅਨੁਵਾਦ:—

ਸਿਫ਼ਤ ਰੱਬ ਦੀ ਗੱਲ ਬਾਤੋਂ ਦੂਰ ਹੈ।
ਹਰ ਗਲੀ ਕੂਚੇ ਇਹ ਗੱਲ ਮਸ਼ਹੂਰ ਹੈ।

ਮਾਅਨੀਏ ਈਂ ਕੂ ਬਕੂ ਦਾਨੀ ਕਿਹ ਚੀਸਤ॥੪੬੮॥
ਹਮਦ ਗੋ ਦੀਗਰ ਮਗੋ ਈਂ ਅਸਤ ਜ਼ੀਸਤ।

ਅਨੁਵਾਦ:—

ਅਰਥ ਕੀ ਨੇ? ਤੈਨੂੰ ਹੈ ਇਸਦਾ ਪਤਾ।
ਬਿਨ ਸਿਫ਼ਤ, ਕੁੱਝ ਨਾ ਕਹਿ, ਸੁਆਦ ਇਹ ਜੀਣ ਦਾ।

ਜ਼ੀਸਤਨ ਦਰ ਬੰਦਗੀ ਅੱਵਲਾ ਬਵਦ॥੪੬੯॥
ਗਰ ਚਿਹ ਸਰਤਾਪਾ ਹਮਹ ਮੌਲਾ ਬਵਦ।

ਅਨੁਵਾਦ:—

ਜੀਣਾ ਉਸਦੀ ਯਾਦ ਦੇ ਵਿੱਚ ਹੈ ਭਲਾ।
ਭਾਵੇਂ ਹਰ ਪਾਸੇ ਸਰੂਪ ਹੈ ਓਸਦਾ।

ਗਰ ਦਹਦ ਤੌਫ਼ੀਕ ਫ਼ਜ਼ਲੇ ਜ਼ੁਅਲ ਜਲਾਲ॥੪੭੦॥
ਬੰਦਹ ਰਾ ਦਰ ਬੰਦਗੀ ਬਖ਼ਸ਼ਦ ਜਮਾਲ।

ਅਨੁਵਾਦ:—

ਬਖ਼ਸ਼ ਦੇਵੇ ਰੱਬ ਦੀ ਕਿਰਪਾ ਜੇ ਉਪਾਅ।
ਬੰਦਗੀ 'ਚੋਂ ਬੰਦਾ ਪਾਏ ਦਰਸ਼ ਸਰੂਪ ਦਾ।

ਬੰਦਗੀ ਬਾਸ਼ਦ ਕਮਾਲੇ ਬੰਦਗੀ॥੪੭੧॥
ਬੰਦਗੀ ਬਾਸ਼ਦ ਨਿਸ਼ਾਨੇ ਬੰਦਗੀ।

ਅਨੁਵਾਦ:—

ਬੰਦਗੀ ਦੀ ਹੈ ਬੜਾਈ ਬੰਦਗੀ।
ਬੰਦਗੀ ਹੀ ਹੈ ਬੰਦੇ ਦੀ ਜ਼ਿੰਦਗੀ।

ਗਰ ਨਿਸ਼ਾਨੇ ਜ਼ਿੰਦਗੀ ਮੇ ਬਾਯਦਤ॥੪੭੨॥
ਬੰਦਗੀ ਏ ਹੱਕ ਤੁਰਾ ਮੇ ਸ਼ਾਯਦਤ।

ਅਨੁਵਾਦ:—

ਜੇ ਤੂੰ ਚਾਹੁੰਦਾ ਹੈਂ ਸਦਾ ਦੀ ਜ਼ਿੰਦਗੀ।
ਤਾਂ ਕਰਨੀ ਚਾਹੀਦੀ ਹੈ ਰੱਬ ਦੀ ਬੰਦਗੀ।

ਜ਼ਿੰਦਗੀ ਏ ਬੰਦਾ ਰਾ ਈਂ ਬੰਦਗੀ ਅਸਤ॥੪੭੩॥
ਬੰਦਗੀ ਏ ਹਕ ਹਮੀਂ ਖ਼ੁਸ਼ ਜ਼ਿੰਦਗੀ ਅਸਤ।

ਅਨੁਵਾਦ:—

ਜੀਣਾ ਬੰਦੇ ਦਾ ਹੈ ਰੱਬ ਧਿਆਵਣ ਲਈ।
ਧਿਆਨ ਜੀਣੇ ਦਾ ਆਨੰਦ ਮਾਨਣ ਲਈ।

ਤਾ ਤਵਾਨੀ ਬੰਦਾ ਸ਼ੋ ਸਾਹਿਬੇ ਮੁਬਾਸ਼॥੪੭੪॥
ਬੰਦਾ ਰਾ ਜੁਜ਼ ਬੰਦਗੀ ਨਬੂਦ ਤਲਾਸ਼।

ਅਨੁਵਾਦ:—

ਜਦ ਤੱਕ ਹੋਏ, ਬੰਦਾ ਹੀ ਬਣ, ਮਾਲਕ ਨਹੀਂ।
ਬੰਦਗੀ ਬਿਨਾ ਕਿਸੇ ਵਸਤ ਦਾ ਭਾਲਕ ਨਹੀਂ।

ਈਂ ਵਜੂਦੇ ਖ਼ਾਕ ਪਾਕ ਅਜ਼ ਬੰਦਗੀਸਤ॥੪੭੫॥
ਗੁਫ਼ਤਗੂ ਹਾਏ ਦਿਗਰ ਸ਼ਰਮਿੰਦਗੀਸਤ।

ਅਨੁਵਾਦ:—

ਇਨਸਾਨ ਨੂੰ ਹੈ ਪਾਕ ਕਰਦੀ ਬੰਦਗੀ।
ਹੋਰ ਸਭ ਗੱਲੋਂ ਮਿਲੇ ਸ਼ਰਮਿੰਦਗੀ।

ਬੰਦਗੀ ਕੁਨ ਆਂ ਕਿ ਊ ਬਾਸ਼ਦ ਕਬੂਲ॥੪੭੬॥
ਬਗੁਜ਼ਰ ਅਜ਼ ਖ਼ੁਦਬੀਨੀ ਵ ਤਰਜ਼ੇ ਫ਼ਜ਼ੂਲ।

ਅਨੁਵਾਦ:—

ਬੰਦਗੀ ਕਰ ਐਸੀ ਕਿ ਹੋਵੇ ਕਬੂਲ।
ਖ਼ੁਦੀ, ਸਾੜਾ, ਚਲਣ ਛੱਡ, ਸਭ ਹਨ ਫ਼ਜ਼ੂਲ।

ਦਰ ਦਿਲੇ ਸਾਹਿਬ ਦਿਲਾਂ ਆਯਦ ਪਸੰਦ॥੪੭੭॥
ਰੁਤਬਾਹ ਅਤ ਗਰਦਦ ਅਜ਼ਾਂ ਹਰਦਮ ਬੁਲੰਦ।

ਅਨੁਵਾਦ:—

ਗਿਆਨਵਾਨਾਂ ਨੂੰ ਤੂੰ ਆਵੇਂਗਾ ਪਸੰਦ।
ਰੁਤਬਾ ਤੇਰਾ ਇਸਤੋਂ ਹੋਵੇਗਾ ਬੁਲੰਦ।

ਮੁਰਸ਼ਦੇ ਕਾਮਲ ਕਿ ਆਂ ਇਰਸ਼ਾਦ ਕਰਦ॥੪੭੮॥
ਈਂ ਦਿਲਤ ਅਜ਼ ਯਾਦੇ ਹੱਕ ਆਬਾਦ ਕਰਦ।

ਅਨੁਵਾਦ:—

ਮਹਾਂ ਪੁਰਸ਼ਾਂ ਜਦ ਸ਼ਬਦ ਸੀ ਦੱਸਿਆ।
ਯਾਦ ਓਹਦੀ ਨਾਲ ਦਿਲ ਤੇਰਾ ਸੀ ਵੱਸਿਆ।

ਈਂ ਹਮਹ ਇਰਸ਼ਾਦ ਦਰ ਦਿਲ ਨਕਸ਼ ਬੰਦ॥੪੭੯॥
ਤਾ ਸ਼ਵੀ ਦਰ ਹਰ ਦੋ ਆਲਮ ਅਰਜ਼ਮੰਦ।

ਅਨੁਵਾਦ:—

ਉਪਦੇਸ਼ ਸਾਰੇ ਕਰ ਲਵੇਂ ਜੇ ਦਿਲ 'ਚ ਬੰਦ।
ਦੋਨੋਂ ਜਹਾਨਾਂ ਵਿੱਚ ਹੋਏ ਰੁਤਬਾ ਬੁਲੰਦ।

ਈਂ ਵਜੂਦੇ ਮਿਸ ਤੁਰਾ ਸਾਜ਼ੋ ਤਿਲਾ॥੪੮੦॥
ਈਂ ਤਿਲਾ ਮਾਅਲੂਮ ਆਂ ਯਾਦੇ ਖ਼ੁਦਾ।

ਅਨੁਵਾਦ:—

ਜਿਸਮ ਤਾਂਬੇ ਤੋਂ ਦਊ ਸੋਨਾ ਬਣਾ।
ਓਹੋ ਸੋਨਾ ਹੀ ਹੈ ਸਿਮਰਨ ਰੱਬ ਦਾ।

ਆਂ ਤਿਲਾ ਫ਼ਾਨੀ ਸ਼ੁਦ ਓ ਮੌਜੇ ਬਲਾ॥੪੮੧॥
ਈਂ ਤਿਲਾ ਬਾਕੀ ਚੂ ਜ਼ਾਤੇ ਕਿਬਰੀਆ।

ਅਨੁਵਾਦ:—

ਓਹ ਸੋਨਾ ਹੈ ਫ਼ਾਨੀ ਤੇ ਦੁੱਖ ਦੀ ਲਹਿਰ।
ਇਹ ਹੈ ਰੱਬ ਦਾ ਸਰੂਪ, ਇੱਕ ਰਸ ਇਸਦੀ ਠਹਿਰ।

ਦੌਲਤ ਅੰਦਰ ਖ਼ਾਕ ਪਾਏ ਮੁਕਬਲਾਂ॥੪੮੨॥
ਦੌਲਤੇ ਕਾਂ ਰਾ ਨਮੇ ਆਯਦ ਜ਼ਯਾਂ।

ਅਨੁਵਾਦ:—

ਫ਼ੱਕਰਾਂ ਦੀ ਚਰਨ-ਧੂੜ ਵਿੱਚ ਲੁਕਿਆ ਹੈ ਧਨ।
ਨੁਕਸਾਨ ਕਰ ਸਕਦਾ ਨਾ ਜਿਸਦਾ ਕੋਈ ਜਨ।

ਵਰਨਾ ਦਰਦੇ ਦੁਨੀਆਂ ਹਮਹ ਫ਼ਸਲੇ ਬਹਾਰ॥੪੮੩॥
ਆਕਬਤ ਦੀਦੀ ਖ਼ਿਜ਼ਾਂ ਆਵੁਰਦ ਬਾਰ।

ਅਨਵਾਦ:—

ਵਰਨਾ ਜੱਗ, ਬਹਾਰ ਦੀ ਸਾਰੀ ਫ਼ਸਲ।
ਤੂੰ ਦੇਖ ਆਖ਼ਰ ਉਜੜਨੇ ਦਾ ਲਿਆਵੇ ਫ਼ਲ।

ਈਂ ਬਹਾਰੇ ਤਾਜ਼ਾ ਬਾਸ਼ਦ ਤਾ ਅਬਦ॥੪੮੪॥
ਯਾ ਅਲੱਹੀ ਦੂਰ ਦਾਰ ਅਜ਼ ਚਸ਼ਮ ਬਦ।

ਅਨੁਵਾਦ.—

ਬਹਾਰ ਇਹ ਰਹਿੰਦੀ ਸਦਾ ਤਾਜ਼ਾ, ਸਵੱਛ।
ਰੱਬਾ! ਬੁਰੀ ਨਜ਼ਰੋਂ ਤੂੰ ਇਸਨੂੰ ਦੂਰ ਰੱਖ।

ਹਰ ਕਿ ਖ਼ਾਕੇ ਪਾਏ ਸਾ ਰਾ ਸੁਰਮਾ ਸਾਖਤ॥੪੮੫॥
ਬਰ ਰੁਖ਼ਸ਼ ਤਹਿਕੀਕ ਨੂਰੇ ਬਦਰ ਤਾਫ਼ਤ।

ਅਨੁਵਾਦ —

ਚਰਨ ਧੂੜ ਨੂੰ ਜਿਸ ਲਿਆ ਸੁਰਮਾ ਬਣਾ।
ਅਸਲੋਂ ਹੀ ਚੰਨ ਚਿਹਰੇ ਤੇ ਓਹਦੇ ਚਮਕਿਆ।

ਆਰਫ਼ ਔਲਾ ਦਰ ਰਹੇ ਦੁਨੀਆ ਬਵਦ ॥੪੮੬॥
ਦਰ ਹਕੀਕਤ ਤਾਲਬੇ ਮੌਲਾ ਸ਼ਵਦ।

ਅਨੁਵਾਦ:—
ਰੱਬ ਦਾ ਵਾਕਫ਼ ਭਾਵੇਂ ਜੱਗ ਵਿੱਚ ਵੱਸਦਾ।
ਦਰ ਅਸਲ ਹੁੰਦਾ ਓਹ ਤਾਲਬ ਰੱਬ ਦਾ।

ਜ਼ਿਕਰ ਮੌਲਾ ਦਮ ਬਦਮ ਦਰ ਜਾਨੇ ਊ ॥੪੮੭॥
ਆਇਤੇ ਯਾਦੇ ਖ਼ੁਦਾ ਦਰ ਸ਼ਾਨੇ ਊ।

ਅਨੁਵਾਦ:—
ਰੱਬ ਦਾ ਜ਼ਿਕਰ ਹਰ ਵਕਤ ਉਸਦੀ ਜਾਨ ਵਿੱਚ।
ਰੱਬ ਦੇ ਜ਼ਿਕਰ ਦੀ ਆਯਤ ਉਸਦੀ ਸ਼ਾਨ ਵਿੱਚ।

ਹਰ ਨਫ਼ਸ ਦਾਰੰਦ ਦਿਲ ਦਰ ਸੂਏ ਹੱਕ ॥੪੮੮॥
ਸ਼ੁਦ ਮੁਅੱਤਰ ਮਗ਼ਜ਼ ਸ਼ਾਂ ਅਜ਼ ਬੂਏ ਹੱਕ।

ਅਨੁਵਾਦ:—
ਦਿਲ ਉਹਨਾਂ ਹਰ ਵਕਤ ਰੱਬ ਵੱਲ ਰੱਖਿਆ।
ਮਗ਼ਜ ਰੱਬ ਦੀ ਮਹਿਕ ਦੇ ਨਾਲ ਮਹਿਕਿਆ।

ਹਰਦਮੇ ਕੋ ਬਾਖ਼ੁਦਾ ਵਾਸਿਲ ਬੂਦ ॥੪੮੯॥
ਹਾਸਿਲੇ ਈਂ ਉਮਰ ਰਾ ਹਾਸਿਲ ਬੂਦ।

ਅਨੁਵਾਦ:—
ਜੋ ਵੀ ਹਰ ਦਮ ਜਾਏ ਰੱਬ ਦਾ ਭੇਦ ਪਾ।
ਖੱਟ ਲੈਂਦਾ ਲਾਭ ਉਹ ਇਸ ਉਮਰ ਦਾ।

ਹਾਸਿਲੇ ਈਂ ਉਮਰ ਪੇਸ਼ੇ ਮੁਰਸ਼ਦ ਅਸਤ ॥੪੯੦॥
ਨਾਮੇ ਹੱਕ ਚੂ ਬਰ ਜ਼ਬਾਨਸ਼ ਵਾਰਦ ਅਸਤ।

ਅਨੁਵਾਦ:—
ਜ਼ਿੰਦਗੀ ਦਾ ਲਾਭ ਪਾਸ ਹੈ ਸਤਿਗੁਰਾਂ।
ਨਾਮ ਵੱਸਦਾ ਉੱਪਰ ਇਹਨਾਂ ਦੀ ਜ਼ੁਬਾਂ।

ਖ਼ਾਕੇ ਰਾਹਸ਼ ਸੁਰਮਾ ਏ ਚਸ਼ਮਿ ਸਰਾਸਤ ॥੪੯੧॥
ਆਰਫ਼ਾਂ ਰਾ ਬਹ ਜ਼ ਤਾਜੋ ਅਫ਼ਸਰਾਸਤ।

ਅਨੁਵਾਦ:—
ਧੂੜ ਓਹਦੇ ਰਾਹ ਦੀ ਸੁਰਮਾ ਅੱਖ ਦਾ।
ਆਰਫ਼ਾਂ ਦਾ ਤਾਜ ਤੇ ਵੱਡ ਮਰਤਬਾ।

ਹਸਤ ਕਾਰੋ ਰੋਜ਼ੋਸ਼ਬ ਦਰ ਯਾਦੇ ਊ ॥੪੯੨॥
ਯੱਕ ਨਫ਼ਸ ਖ਼ਾਲੀ ਨਮੀ ਬਾਸ਼ਦ ਅਜ਼ੂ।

ਅਨੁਵਾਦ:—

ਯਾਦ ਉਸਦੀ ਵਿੱਚ ਲੰਘਣ ਰਾਤ ਦਿਨ।
ਇੱਕ ਸਾਹ ਵੀ ਖ਼ਾਲੀ ਨਾ ਹੋਵੇ ਓਸ ਬਿਨ।

ਗਰ ਹਜ਼ੂਰੀ ਬਾ ਖ਼ੁਦਾ ਬਾਯਦ ਬਤੋ ॥੪੯੩॥
ਦਰ ਹਜ਼ੂਰੇ ਮੁਰਸ਼ਦੇ ਕਾਮਲ ਬਰੋ।

ਅਨੁਵਾਦ:—

ਜੇ ਤੂੰ ਰੱਬ ਦੇ ਦਰਸ਼ਨਾ ਨੂੰ ਭਾਲ਼ਦਾ।
ਪੂਰੀ ਹਸਤੀ ਸਾਹਮਣੇ ਹੋ ਜਾ ਖੜ੍ਹਾ।

ਅਜ਼ ਬਰਾਏ ਆਂ ਕਿ ਈਂ ਪੈਦਾ ਸ਼ੁਦਹ ॥੪੯੪॥
ਦਰ ਫ਼ਰਾਕਸ਼ ਵੱਲਾ ਓ ਪੈਦਾ ਸ਼ੁਦਹ।

ਅਨੁਵਾਦ:—

ਉਸਦੀ ਕਿਰਪਾ ਨਾਲ ਜੋ ਹੋਂਦ ਬਣਾ ਗਿਆ।
ਉੱਚਾ ਰੁਤਬਾ ਪਾ ਦੀਵਾਨਾ ਹੋ ਗਿਆ।

ਮੁਰਸ਼ਦੇ ਕਾਮਲ ਬਵਦ ਦੀਦਾਰੇ ਹੱਕ ॥੪੯੫॥
ਕਜ਼ ਜ਼ਬਾਨਸ਼ ਬਿਸ਼ਨਵੀ ਅਸਰਾਰੇ ਹੱਕ।

ਅਨੁਵਾਦ:—

ਪੂਰਾ ਸਤਿਗੁਰੂ ਰੂਪ ਹੈ ਭਗਵਾਨ ਦਾ।
ਭੇਤ ਤੂੰ ਉਸਦੀ ਜ਼ਬਾਨੀ ਜਾਣਦਾ।

ਸੂਰਤੇ ਹੱਕ ਮੁਰਸ਼ਦੇ ਕਾਮਲ ਬਵਦ ॥੪੯੬॥
ਨਕਸ਼ੇ ਊ ਦਾਇਮ ਦਰੂਨੇ ਦਿਲ ਬਵਦ।

ਅਨੁਵਾਦ:—

ਰੂਪ ਰੱਬ ਦਾ ਰੂਪ ਸਤਿਗੁਰੂ ਹੋਵੰਦਾ।
ਨਕਸ਼ ਓਹ ਦਿਲ ਵਿੱਚ ਹੀ ਹੁੰਦਾ ਸਦਾ।

ਨਕਸ਼ੇ ਊ ਚੂੰ ਦਰ ਦਿਲੇ ਕਸ ਜਾ ਕੁਨਦ ॥੪੯੭॥
ਹਰਫ਼ੇ ਹੱਕ ਅੰਦਰ ਦਿਲਸ਼ ਮਾ ਵਾ ਕੁਨਦ।

ਅਨੁਵਾਦ:—

ਨਕਸ਼ ਓਹਦਾ ਜਦ ਦਿਲ ਕਿਸੇ ਵਿੱਚ ਰੱਸਦਾ।
ਨਾਮ ਰੱਬ ਦਾ ਦਿਲ ਦੇ ਅੰਦਰ ਵੱਸਦਾ।

ਖ਼ਾਸਤਮ ਤਰਤੀਬ ਈਂ ਦੂਰ ਦਾਨਾਹ ਰਾ॥੪੯੮॥
ਕਾਸ਼ਨਾ ਸਾਜ਼ਦ ਦਿਲੇ ਬੇਗਾਨਾਹ ਰਾ।

ਅਨੁਵਾਦ:—

ਚਾਹਿਆ ਮੋਤੀ ਵਿੱਚ.ਦਿਆਂ ਤਰਤੀਬ ਲਾ।
ਵਿੱਛੜ ਚੁੱਕੇ ਦਿਲਾਂ ਨੂੰ ਦੇਵਾਂ ਮਿਲਾ।

ਕਜ਼ ਤਕੱਲਮ ਬੂਏ ਉਰਫ਼ਾਂ ਆਯਦਸ਼॥੪੯੯॥
ਵਜ਼ਦਿਲੇ ਆਲਮ ਗਿਰਾਹ ਬਕੁਸ਼ਾਯਦਸ਼।

ਅਨੁਵਾਦ:—

ਪੜ੍ਹਕੇ ਖ਼ੁਸ਼ਬੂ ਮਾਅਰਫ਼ਤ ਦੀ ਆਏਗੀ।
ਸੰਸਾਰੀ ਦਿਲ 'ਚੋਂ ਗਿਆਨ-ਗੱਠ ਖੁੱਲ੍ਹ ਜਾਏਗੀ।

ਹਰ ਕਿ ਖ਼ੁਆਨਦ ਅਜ਼ ਰਹੇ ਲੁਤਫ਼ੋਕਰਮ॥੫੦੦॥
ਗਰਦਦ ਊ ਰਾ ਰਾਹੇ ਉਰਫ਼ਾਂ ਮੋਹਤਰਮ।

ਅਨੁਵਾਦ:—

ਜੋ ਵੀ ਪੜ੍ਹੇ ਗਾ ਨਾਲ ਸ਼ਰਧਾ ਤੇ ਪਿਆਰ।
ਹੋ ਜਾਏਗਾ ਗਿਆਨ ਵਿੱਚ ਬਜ਼ੁਰਗਵਾਰ।

ਹਸਤ ਜ਼ਿਕਰੇ ਆਰਫ਼ਾਨੇ ਪਾਕ ਰਾ॥੫੦੧॥
ਆਂ ਕਿ ਊ ਰੌਸ਼ਨ ਕੁਨਦ ਇਦਰਾਕ ਰਾ।

ਅਨੁਵਾਦ:—

ਆਲਮਾਂ ਦੇ ਖ਼ਿਆਲ ਹਨ ਇਸ ਵਿੱਚ ਭਰੇ।
ਇਸਲਈ ਇਹ ਅਕਲ ਨੂੰ ਰੌਸ਼ਨ ਕਰੇ।

ਅੰਦਰੂਏ ਮੁਨਦਰਜ ਐ ਬੇ-ਖ਼ਬਰ॥੫੦੨॥
ਗ਼ੈਰ ਹਰਫ਼ੇ ਬੰਦਗੀ ਹਰਫ਼ੇ ਦਿਗਰ।

ਅਨੁਵਾਦ:—

ਐ ਬੇਖ਼ਬਰ! ਇਸ ਵਿੱਚ ਨਹੀਂ ਲਿਖੀ ਗਈ।
ਬੰਦਗੀ ਬਿਨ ਹੋਰ ਗੱਲ ਕੋਈ ਦੂਸਰੀ।

ਯਾਦੇ ਹੱਕ ਸਰਮਾਯਾਏ ਰੌਸ਼ਨ ਦਿਲੀਸਤ॥੫੦੩॥
ਗ਼ੈਰ ਯਾਦੇ ਹਕ ਹਮਹ ਬੇ-ਹਾਸਿਲ ਈਸਤ।

ਅਨੁਵਾਦ:—

ਹੈ ਯਾਦ ਦਿਲ ਨੂੰ ਰੌਸ਼ਨੀ ਦੇਣੇ ਦਾ ਧਨ।
ਕੰਮ ਸਭ ਬੇ-ਫ਼ਾਇਦਾ ਹਨ ਇਸ ਯਾਦ ਬਿਨ।

ਹਰਫ਼ੇ ਦੀਗਰ ਨੇਸਤ ਗ਼ੈਰ ਅਜ਼ ਯਾਦੇ ਹੱਕ ॥੫੦੪॥
ਯਾਦੇ ਹੱਕ, ਹਾਂ ਯਾਦੇ ਹੱਕ, ਹਾਂ ਯਾਦੇ ਹੱਕ।

ਅਨੁਵਾਦ:—

ਯਾਦ ਬਿਨ ਜਦ ਗੱਲ ਨਾ ਦੂਜੀ ਭੋਰਾ ਭਰ।
ਰੱਬ ਯਾਦ ਕਰ, ਰੱਬ ਯਾਦ ਕਰ, ਰੱਬ ਯਾਦ ਕਰ।

ਯਾ ਇਲਾਹੀ ਹਰ ਦਿਲੇ ਪੈ ਮੁਰਦਾਹ ਰਾ ॥੫੦੫॥
ਸਬਜ਼ ਕੁਨ ਹਰ ਖ਼ਾਤਰੇ ਅਫ਼ਸੁਰਦਾਹ ਰਾ।

ਅਨੁਵਾਦ:—

ਰੱਬਾ! ਹਰ ਇੱਕ ਮੁਰਦਾ ਦਿਲ ਨੂੰ ਦੇਹ ਜਗਾ।
ਹਰ ਇੱਕ ਜੋ ਮੁਰਝਾਇਆ ਹੈ, ਕਰਦੇ ਹਰਾ।

ਯਾ ਇਲਾਹੀ ਯਾਵਰੀ ਕੁਨ ਬੰਦਾਹ ਰਾ ॥੫੦੬॥
ਸੁਰਖ਼ ਰੂ ਕੁਨ ਹਰ ਦਿਲੇ ਸ਼ਰਮਿੰਦਾਹ ਰਾ।

ਅਨੁਵਾਦ:—

ਰੱਬਾ! ਬੰਦਾ ਹੋਣ ਦੀ ਕਰ ਮਦਦ ਤੂੰ।
ਸ਼ਰਮਿੰਦਾ ਦਿਲ ਹਰ ਇੱਕ ਨੂੰ ਕਰ ਗਦ ਗਦ ਤੂੰ।

ਦਰ ਦਿਲੇ 'ਗੋਯਾ' ਹਵਾਏ ਸ਼ੌਕ ਬਖ਼ਸ਼ ॥੫੦੭॥
ਬਰ ਜ਼ੁਬਾਲਿਸ਼ ਜ਼ਰੱਾਹ ਏ ਅਜ਼ ਸ਼ੌਕ ਬਖ਼ਸ਼।

ਅਨੁਵਾਦ:—

ਦਿਲ 'ਚ 'ਗੋਯਾ' ਦੇ ਪ੍ਰੀਤ ਦੀ ਗੀਤ ਬਖ਼ਸ਼।
ਜੀਭ ਉਸਦੀ ਤੇ ਵੀ ਭੋਰਾ ਪ੍ਰੀਤ ਬਖ਼ਸ਼।

ਤਾਂ ਨਾ ਬਾਸ਼ਦ ਵਰਦੇਆਂ ਜੁਜ਼ਯਾਦੇ ਹੱਕ ॥੫੦੮॥
ਤਾ ਨ ਖ਼੍ਵਾਨਦ ਗ਼ੈਰ ਹੱਕ ਦੀਗਰ ਸਬਕ।

ਅਨੁਵਾਦ:—

ਤਾਂ ਜੋ ਹੋ ਅਭਿਆਸ ਨਾ ਬਿਨ ਯਾਦ ਹੱਕ।
ਤਾਂ ਜੋ ਬਿਨ ਹੱਕ ਨਾ ਪੜ੍ਹੇ ਦੂਜਾ ਸਬਕ।

ਤਾ ਨਾ ਗੀਰਦ ਗ਼ੈਰ ਨਾਮੇ ਜ਼ਿਕਰੇ ਹੱਕ ॥੫੦੯॥
ਤਾ ਨ ਗੋਯਦ ਹਰਫ਼ੇ ਗ਼ੈਰ ਅਜ਼ ਫ਼ਿਕਰੇ ਹੱਕ।

ਅਨੁਵਾਦ:—

ਤਾਂ ਜੋ ਬਿਨ ਰੱਬ ਨਾ ਲਵੇ ਕੋਈ ਹੋਰ ਨਾਮ।
ਤਾਂ ਜੋ ਬਿਨ ਰੱਬ ਨਾ ਕਰੇ ਦੂਜਾ ਕਲਾਮ।

ਦੀਦਾਹ ਅਜ਼ ਦੀਦਾਰੇ ਹੱਕ ਪੁਰਨੂਰ ਕੁਨ॥੫੧੦॥
ਗ਼ੈਰ ਹੱਕ ਅਜ਼ ਖ਼ਾਤਿਰੇ ਊ ਦੂਰ ਕੁਨ।

ਅਨੁਵਾਦ:—

ਰੱਬ ਦੇ ਦਰਸ਼ਨ ਨਾਲ ਅੱਖ ਪੁਰ ਨੂਰ ਕਰ।
ਦਿਲ ਮੇਰਾ ਸੰਸਾਰੀ ਖ਼ਿਆਲੋਂ ਦੂਰ ਕਰ।

ਜ਼ ਆਬੇ ਹੈਵਾਂ ਪੁਰ ਸ਼ੁਦਹ ਚੂੰ ਜਾਮੇ ਊ॥੫੧੧॥
ਜ਼ਿੰਦਗੀ ਨਾਮਹ ਸ਼ੁਦਾ ਜ਼ਾਂ ਨਾਮੇ ਊ।

ਅਨੁਵਾਦ:—

ਜਦ ਪਿਆਲਾ ਨਾਲ਼ ਅੰਮ੍ਰਿਤ ਭਰ ਗਿਆ।
ਨਾਮ ਇਸਦਾ 'ਜ਼ਿੰਦਗੀ ਨਾਮਾ' ਧਰ ਲਿਆ।

# ਪੁਸਤਕ ਸੂਚੀ


1. ਕੁੱਲੀਆਤ ਭਾਈ ਨੰਦ ਲਾਲ 'ਗੋਯਾ'-ਸੰਪਾਦਤ: ਡਾ. ਗੰਡਾ ਸਿੰਘ, ਫ਼ਾਊਂਡੇਸ਼ਨ, ਚੰਡੀਗੜ੍ਹ, ਜੁਲਾਈ 1963।
2. ਸਾਚੀ ਪ੍ਰੀਤ:-ਪ੍ਰੋ ਹਰਭਜਨ ਸਿੰਘ, ਸਿੰਘ ਬ੍ਰਦਰਜ਼, ਮਾਈ ਸੇਵਾਂ ਬਾਜ਼ਾਰ ਅੰਮ੍ਰਿਤਸਰ।
3. ਗ਼ਜ਼ਲਿਆਤ ਭਾਈ ਨੰਦ ਲਾਲ ਗੋਯਾ:-ਡਾ. ਸੱਯਦ ਆਬਦ ਹੁਸੈਨ, ਪੰ. ਯੂ. ਪਟਿਆਲਾ ਮਈ 1973।
4. ਖ਼ਾਲਸਾ ਸਮਾਚਾਰ:-ਅੰਮ੍ਰਿਤਸਰ, 13 ਅਪ੍ਰੈਲ 1963।
5. ਮਹਾਨ ਕੋਸ਼:-ਭਾਈ ਕਾਨ੍ਹ ਸਿੰਘ ਨਾਭਾ।
6. ਅਮਰ ਨਾਮਾ:-ਭਾਈ ਨੱਥ ਮੱਲ, ਸ਼ੇਅਰ ਨੰ: 42
7. ਦਸਤੂਰੁਲ ਇਨਸ਼ਾ:-ਭਾਈ ਨੰਦ ਲਾਲ 'ਗੋਯਾ।
8 ਪ੍ਰੇਮ ਸਰਵਰ:-ਮੇਘਰਾਜ, ਵਜ਼ੀਰ ਹਿੰਦ ਪ੍ਰੈੱਸ ਅੰਮ੍ਰਿਤਸਰ, 1916।
9. ਦੀ ਸਿੱਖ ਰਿਲੀਜਨ ਐਂਡ ਇਟਸ ਗੁਰੂਜ਼:-ਮੈਕਾਲਫ਼, ਔਕਸਫੋਰਡ ਯੂਨੀਵਰਸਿਟੀ ਪ੍ਰੈਸ, ਲੰਡਨ, 1909।
10. ਗੁਰ ਪ੍ਰਤਾਪ ਸੂਰਜ ਗ੍ਰੰਥ:-ਭਾਈ ਸੰਤੋਖ ਸਿੰਘ।
11. ਭਾਈ ਨੰਦ ਲਾਲ ਨਸਤਾਰਾ:-ਭਾਈ ਵੀਰ ਸਿੰਘ, ਖ਼ਾਲਸਾ ਟ੍ਰੈਕਟ ਸੋਸਾਇਟੀ, ਅੰਮ੍ਰਿਤਸਰ, ਟ੍ਰੈਕਟ ਨੰ: 852।
12. ਲਾਈਫ਼ ਆਫ਼ ਭਾਈ ਨੰਦ ਲਾਲ 'ਗੋਯਾ'.-ਸਿੱਖ ਟ੍ਰੈਕਟ ਸੋਸਾਇਟੀ, ਟ੍ਰੈਕਟ ਨੰ: 47।
13. ਲਾਈਫ਼ ਐਂਡ ਵਰਕ ਭਾਈ ਨੰਦ ਲਾਲ 'ਗੋਯਾ':-ਲਾਲ ਪਰਮਾ ਨੰਦ ਅਰੋੜਾ, 1925।
14. ਬੰਦਗੀ ਨਾਮਾ (ਮਸਨਵੀ)-ਧਰਮ ਦਾਸ, ਵਾਸੀ ਪਿੰਡ ਨੌਲੜੀ, ਨੇੜੇ ਖੰਨਾ, 1849।
15. ਤਸਨੀਫ਼ਾਤਿ-ਗੋਯਾ:-ਖ਼ਾਲਸਾ ਟ੍ਰੈਕਟ ਸੋਸਾਇਟੀ, ਅਪ੍ਰੈਲ, 1963।
16. ਪ੍ਰੇਮ ਪਿਟਾਰੀ:—ਬਾਵਾ ਬ੍ਰਿਜ ਬੱਲਭ ਸਿੰਘ
17. ਪ੍ਰੇਮ ਫੁਲਵਾੜੀ:-ਭਾਈ ਮੇਘਰਾਜ ਸਿੰਘ।
18. ਹੇਮ ਕੁੰਟ ਕਾ ਮੁਸਾਫ਼ਿਰ:-ਰਣਬੀਰ
19. ਹਿਸਟਰੀ ਆਫ਼ ਮੁਲਤਾਨ ਡਿਊਰਿਗ ਸਿੱਖ ਟਾਈਮਜ਼:-ਲਾਲਾ ਪਰਮਾ ਨੰਦ ਅਰੋੜਾ 1925।

20. ਦਬਿਸਤਾਨਿ ਮਜ਼ਾਹਿਬ।
21. ਤਾਰੀਖ਼ੇ ਅਦਬੇ ਉਰਦੂ–ਰਾਮ ਬਾਬੂ ਸਕਸੈਨਾ।
22. ਅਦੀਬਾਤੇ ਈਰਾਨ।
23. ਸ਼ਾਹਨਾਮਾ ਫ਼ਿਰਦੌਸੀ।



# ਭਾਈ ਨੰਦ ਲਾਲ ਗੋਯਾ

Sangambooks@rediff.com
**Sangam Publications**
502/9 Sekhon Colony
SAMANA-147101 Distt. Patiala (Pb)
Ph. 01764-223047,222347

978-81-906906-1-4
Rs. [redacted]